## ਜਾਣ-ਪਛਾਣ

# ਅਸਤਰ

ਅਸਤਰ ਦੀ ਕਿਤਾਬ ਬਾਈਬਲ ਦੀਆਂ ਹੋਰਨਾਂ ਬਹੁਤੀਆਂ ਕਿਤਾਬਾਂ ਨਾਲੋਂ ਫ਼ਰਕ ਹੈ। ਇਹ ਇਕ ਔਰਤ ਦੇ ਨਾਂਅ ਤੇ ਹੈ, ਇਕ ਅਜਿਹੇ ਪਰਬ ਦੇ ਅਰੰਭ ਬਾਰੇ ਦੱਸਦੀ ਹੈ ਜਿਸਦੀ ਗੱਲ ਪੁਰਾਣੇ ਨੇਮ ਵਿਚ ਹੋਰ ਕਿਤੇ ਨਹੀਂ ਹੋਈ, ਇਸ ਵਿਚ ਪਰਮੇਸ਼ੁਰ ਦਾ ਨਾਂਅ ਨਹੀਂ ਮਿਲਦਾ, ਅਤੇ ਨਵੇਂ ਨੇਮ ਵਿਚ ਇਸ ਨੂੰ ਦੁਹਰਾਇਆ ਨਹੀਂ ਗਿਆ। ਯਹੂਦੀਆਂ ਦੇ ਨਾਲ ਨਾਲ ਮਸੀਹੀ ਵਿਦਵਾਨਾਂ ਵੱਲੋਂ ਵੀ ਇਸ ਦੀ ਬੇਹੱਦ ਤਾਰੀਫ਼ ਅਤੇ ਬੁਰੀ ਤਰ੍ਹਾਂ ਨਾਲ ਇਸ ਉੱਤੇ ਹਮਲਾ ਹੋਇਆ ਹੈ। ਉਦਾਹਰਣ ਲਈ, ''ਮਹਾਨ ਮੱਧਕਾਲ ਦੇ ਵੱਡੇ ਯਹੂਦੀ ਵਿਦਵਾਨ ਮੇਮੋਨਾਈਡਸ ਨੇ ਮਹੱਤਵ ਵਿਚ ਇਸ ਨੂੰ ਤੁਰੇਤ ਤੋਂ ਥੋੜ੍ਹਾ ਬਾਅਦ ਵਿਚ ਰੱਖਿਆ।''[1] ਇਸ ਦੇ ਬਿਲਕੁਲ ਉਲਟ ਮਾਰਟਿਨ ਲੂਥਰ ਦਾ ਕਹਿਣਾ ਸੀ, ''ਮੈਂ ਅਸਤਰ *[ਦੀ ਕਿਤਾਬ]* ਦਾ ਐਨਾ ਵੱਡਾ ਦੁਸ਼ਮਣ ਹਾਂ ਕਿ ਮੈਂ ਚਾਹੁੰਦਾ ਹਾਂ ਕਿ *[ਇਹ]* ਸਾਡੇ ਕੋਲ ਹੋਣੀ ਹੀ ਨਹੀਂ ਚਾਹੀਦੀ ਸੀ।''[2] ਇਸ ਤਰ੍ਹਾਂ ਨਾਲ ਇਹ ਸਾਫ਼ ਹੈ ਕਿ ਕਿਤਾਬ ਨੂੰ ਸਮਝਣ ਲਈ, ਸਾਨੂੰ ਇਸ ਦੀ ਜਾਣ-ਪਛਾਣ ਦੇ ਬਹੁਤ ਸਾਰੇ ਸਵਾਲਾਂ ਦੇ ਸੰਤੋਸ਼ਨਜਕ ਜਵਾਬਾਂ ਤਕ ਪਹੁੰਚਣਾ ਜ਼ਰੂਰੀ ਸੀ।

### ਨਾਂਅ ਅਤੇ ਵਰਗੀਕਰਣ

ਇਸ ਵਿਲੱਖਣ ਕਿਤਾਬ ਦਾ ਨਾਂਅ ਇਸ ਦੇ ਪਾਤਰ, ਅਸਤਰ ਦੇ ਨਾਂਅ ਤੇ ਹੈ, ਜਿਸ ਦਾ ਨਾਂਅ ''ਤਾਰਾ'' ਦੇ ਅਰਥ ਵਾਲਾ ਇਕ ਫ਼ਾਰਸੀ ਸ਼ਬਦ ਹੈ। ਉਸ ਦੇ ਇਬਰਾਨੀ ਨਾਂਅ ''ਹਦੱਸਾ'' ਦਾ ਅਰਥ ''ਹਿਨਾ/ਮਹਿੰਦੀ'' ਹੈ। ਇਬਰਾਨੀ ਬਾਈਬਲ ਵਿਚ ਕਿਤਾਬ ਨੂੰ ''ਲੇਖਾਂ'' ਵਿਚ ਵੰਡਿਆ ਗਿਆ ਹੈ। ਇਹ ''ਮਗਿਲੋਥ'' (ਜਾਂ ''ਸਕ੍ਰੋਲਸ'') ਭਾਵ ਉਨ੍ਹਾਂ ਛੋਟੀਆਂ ਛੋਟੀਆਂ ਪੰਜ ਕਿਤਾਬਾਂ ਵਿੱਚੋਂ ਇਕ ਹੈ ਜਿਹੜੀਆਂ ਯਹੂਦੀਆਂ ਦੇ ਵੱਖੋ ਵੱਖ ਪਰਬਾਂ ਦੇ ਦਿਨਾਂ ਵਿਚ ਪੜ੍ਹੀਆਂ ਜਾਂਦੀਆਂ ਸਨ। ਇਸ ਨੂੰ ਪੂਰੀਨ ਦੇ ਪਰਬ ਤੇ ਸਾਲਾਨਾ ਪੜ੍ਹਿਆ ਜਾਂਦਾ ਸੀ।[3] ਸਾਡੀ ਬਾਈਬਲ ਦੇ ਪੁਰਾਣੇ ਨੇਮ ਵਿਚ, ਇਸ ਨੂੰ ਇਤਹਾਸ ਦੀਆਂ ਕਿਤਾਬਾਂ ਵਿਚ ਰੱਖਿਆ ਜਾਂਦਾ ਹੈ ਅਤੇ ਇਹ ਅਸਤਰ ਅਤੇ ਨਹਮਯਾਹ ਦੇ ਬਾਅਦ ਆਉਂਦੀ ਹੈ, ਕਿਉਂ ਜੋ ਤਿੰਨੇਂ ਕਿਤਾਬਾਂ ਬਾਬਲ ਦੀ ਅਸੀਰੀ ਦੇ ਬਾਅਦ ਦੇ ਯਹੂਦੀ ਲੋਕਾਂ ਦੇ ਇਤਹਾਸ ਨਾਲ ਸਬੰਧਿਤ ਹਨ।

### ਲੇਖਕ ਅਤੇ ਸਮਾਂ

ਕੁਝ ਪ੍ਰਾਚੀਨ ਸਰੋਤਾਂ ਵਿਚ ਭਾਵੇਂ ਕਿਤਾਬ ਨੂੰ ''ਮਹਾਨ ਸਿਨਾਗੋਗ ਦੇ ਲੋਕਾਂ''[4] ਜਾਂ ਅਸਤਰ ਦੇ ਸਰਪਰਸਤ ਮਾਰਦਕਈ ਦੀ ਵੀ ਮੰਨਿਆ ਜਾਂਦਾ ਹੈ,[5] ਪਰ ਲੇਖਕ ਦੀ ਪਛਾਣ ਦਾ ਕੋਈ ਸਾਫ਼ ਸਬੂਤ ਨਹੀਂ ਹੈ। ਇਹ ਪੱਕਾ ਨਹੀਂ ਹੈ ਕਿ ''ਮਹਾਨ ਸਿਨਾਗੋਗ ਦੇ ਲੋਕ'' ਅਸਤਰ ਦੇ ਸਮੇਂ ਵਿਚ ਹੈ ਵੀ ਸਨ ਜਾਂ ਨਹੀਂ, ਜਿਵੇਂ ਕਿ ਟਾਲਮੁਡ ਵਿਚ ਕਿਹਾ ਗਿਆ ਹੈ। ਜਿੱਥੋਂ ਤਕ ਮਾਰਦਕਈ ਦੇ ਇਸ ਦਾ ਲੇਖਕ ਹੋਣ ਦੀ ਗੱਲ ਹੈ, ਲਗਦਾ ਨਹੀਂ ਹੈ ਕਿ ਉਹ ਨੇ ਆਪਣੇ ਵਰਣਨ ਲਈ ਅਸਤਰ 10:3 ਆਪਣੀ ਐਨੀ ਤਾਰੀਫ਼ ਕਰਨੀ ਸੀ। ਕਿਤਾਬ ਇਹ ਜ਼ਰੂਰ ਦੱਸਦੀ ਹੈ ਕਿ ਮਾਰਦਕਈ ਨੇ ''ਇਨ੍ਹਾਂ ਗੱਲਾਂ ਨੂੰ ਲਿਖਿਆ'' (9:20), ਪਰ ਇਹ ਹਵਾਲਾ ਸਿਰਫ਼ ਯਹੂਦੀਆਂ ਦੀ ਆਪਣੇ ਦੁਸ਼ਮਣਾਂ ਉੱਤੇ ਜਿੱਤ ਅਤੇ ਬਾਅਦ ਵਿਚ ਉਨ੍ਹਾਂ ਦੇ ਪੂਰੀਮ ਨੂੰ ਮਨਾਉਣ ਤਕ ਸੀਮਿਤ ਲਗਦਾ ਹੈ। ਕੋਈ ਸ਼ੱਕ ਨਹੀਂ ਕਿ

ਜਿਸ ਨੇ ਵੀ ਕਿਤਾਬ ਨੂੰ ਲਿਖਿਆ ਉਸ ਨੇ ''ਮਾਦੀ ਅਤੇ ਫ਼ਾਰਸੀ ਭਾਸ਼ਾਵਾਂ ਦੇ ਇਤਹਾਸ ਦੀ ਪੋਥੀ'' ਦੇ ਨਾਲ ਨਾਲ ਮਾਰਦਕਈ ਦੇ ਲੇਖਾਂ ਦੀ ਵੀ ਵਰਤੋਂ ਕੀਤੀ (10:2; ਵੇਖੋ 2:23; 6:1)। ਉਹ ਕੋਈ ਫ਼ਾਰਸੀ ਯਹੂਦੀ ਹੋ ਸਕਦਾ ਹੈ, ਜਿਸ ਦੀ ਪਹੁੰਚ ਇਨ੍ਹਾਂ ਦਸਤਾਵੇਜ਼ਾਂ ਤਕ ਸੀ।[6] ਉਸ ਦੇ ਕੰਮ ਤੋਂ ਉਸ ਦੇ ਫ਼ਾਰਸੀ ਭਾਸ਼ਾ ਅਤੇ ਰੀਤਾਂ ਰਿਵਾਜ਼ਾਂ ਤੋਂ ਚੰਗੀ ਤਰ੍ਹਾਂ ਜਾਣੂ ਹੋਣ ਦਾ ਪਤਾ ਲਗਦਾ ਹੈ।

ਇਸ ਕਿਤਾਬ ਦੇ ਲਿਖੇ ਜਾਣ ਦਾ ਸਮਾਂ ਨਾਮਾਲੂਮ ਹੈ, ਭਾਵੇਂ ਇਸ ਵਿਚ ਕਾਫ਼ੀ ਸਹਿਮਤੀ ਪਾਈ ਜਾਂਦੀ ਹੈ ਕਿ ਇਸ ਵਿਚਲੀਆਂ ਘਟਨਾਵਾਂ 480 ਈ.ਪੂ. ਦੇ ਨੇੜੇ ਤੇੜੇ ਵਾਪਰੀਆਂ। ਇਹ 465 ਈ.ਪੂ. ਦੇ ਕਰੀਬ ਹੋਈ ਅਹਸ਼ਵੇਰੋਸ਼ (ਅਕਸ਼ਰਸ਼) ਦੀ ਮੌਤ ਤੋਂ ਪਹਿਲਾਂ ਨਹੀਂ ਲਿਖੀ ਗਈ ਹੋਵੇਗੀ, ਕਿਉਂ ਜੋ ਇਸ ਵਿਚ ਉਸ ਦੀ ਹਕੂਮਤ ਦੀ ਗੱਲ ਇਵੇਂ ਕੀਤੀ ਗਈ ਹੈ ਜਿਵੇਂ ਇਹ ਖ਼ਤਮ ਹੋ ਚੁੱਕੀ ਸੀ (1:1, 2; 10:1, 2)।

ਕੁਝ ਵਿਦਵਾਨਾਂ ਦਾ ਮੰਨਣਾ ਹੈ ਕਿ ਅਸਤਰ ਦੀ ਕਿਤਾਬ ਯਹੂਦਾਹਹ ਦੇ ਇਤਹਾਸ ਵਿਚ ਬਾਅਦ ਵਿਚ, ਬਲਕਿ ਮਸੀਹ ਤੋਂ ਪਹਿਲਾਂ ਦੂਜੀ ਸਦੀ ਵਿਚ ਮੱਕਾਬੀ ਯੁੱਗ ਦੇ ਦੌਰਾਨ ਲਿਖੀ ਗਈ। ਉਦਾਹਰਣ ਲਈ, ਰੌਬਰਟ ਐੱਚ. ਫਾਈਫ਼ਰ ਨੇ ਕਿਤਾਬ ਦਾ ਸਮਾਂ ਜੌਨ ਹਿਰਕੇਨੁਸ (135–104 ਈ.ਪੂ.), ਦੀ ਹਕੂਮਤ ਦੇ ਅੰਦਰ ਅੰਦਰ, ਸ਼ਾਇਦ 125 ਈ.ਪੂ. ਦੇ ਕਰੀਬ ਦੱਸਿਆ।[7] ਮੱਕਾਬੀ ਕਾਲ ਦਾ ਸੁਝਾਅ ਦਿੱਤਾ ਜਾਂਦਾ ਹੈ ਕਿਉਂ ਜੋ ਉਸ ਸਮੇਂ ਦਾ ਸਾਮੀ ਵਿਰੋਧੀ, ਹਮਲਾਵਰ ਯਹੂਦੀ ਰਾਸ਼ਟਰਵਾਦ ਵੱਲੋਂ ਰੋਕੇ ਜਾਣ ਅਤੇ ਆਪਣੇ ਦੁਸ਼ਮਣਾਂ ਉੱਤੇ ਯਹੂਦੀ ਜਿੱਤਾਂ ਨੂੰ, ਅਸਤਰ ਵਿਚ ਦੱਸੀ ਕਹਾਣੀ ਦੀ ਸਭ ਤੋਂ ਵਧੀਆ ਇਤਹਾਸਕ ਪਿਛੋਕੜ ਦੇਣ ਵਾਲੀ ਮੰਨਿਆ ਜਾਂਦਾ ਹੈ।

ਇਨ੍ਹਾਂ ਸੁਝਾਏ ਗਏ ਸਮਿਆਂ ਦੇ ਵਿਰੁੱਧ, ਸਾਡੇ ਕੋਲ ਇਹ ਮੰਨਣ ਦੇ ਵਧੀਆ ਕਾਰਣ ਹਨ ਕਿ ਇਹ ਕਿਤਾਬ ਬਹੁਤ ਪਹਿਲਾਂ ਲਿਖੀ ਗਈ। ਜੌਨ ਬੈਂਡਰ–ਸੈਮੁਏਲ ਨੇ ਦਲੀਲ ਦਿੱਤੀ ਕਿ ਅਸਤਰ ਵਿਚ ਵਰਤੀ ਗਈ ਇਬਰਾਨੀ ਕੁਮਰਾਨ ਤੋਂ ਮਿਲੀ ਦੂਜੀ ਸਦੀ ਈ.ਪੂ. ਦੀ ਇਬਰਾਨੀ ਨਾਲੋਂ ਬਹੁਤ ਫ਼ਰਕ ਹੈ। ਇਸ ਜਾਣਕਾਰੀ ਕਰਕੇ ਕੁਝ ਵਿਦਵਾਨਾਂ ਨੂੰ ਕਿਤਾਬ ਦੇ ਬਾਅਦ ਦੇ ਸਮੇਂ ਤੇ ਵਿਚਾਰ ਛੱਡਣਾ ਪਿਆ ਹੈ।[8] ਗਲੀਸਨ ਐੱਲ. ਆਰਚਰ, ਜੂਨੀਅਰ ਦਾ ਮੰਨਣਾ ਸੀ ਕਿ ਇਹ 330 ਈ.ਪੂ. ਦੇ ਕਰੀਬ ਸਿਕੰਦਰ ਮਹਾਨ ਦੀਆਂ ਜਿੱਤਾਂ ਤੋਂ ਪਹਿਲਾਂ ਫ਼ਾਰਸੀ ਕਾਲ ਦੇ ਦੌਰਾਨ ਹੀ ਲਿਖੀ ਗਈ ਹੋਵੇਗੀ, ਕਿਉਂ ਜੋ ''ਪਹਿਲਾਂ ਅਸਤਰ ਵਿਚ ਨਾ ਤਾਂ ਭਾਸ਼ਾ ਵਿਚ ਅਤੇ ਨਾ ਵਿਚਾਰ ਵਿਚ ਕਿਸੇ ਤਰ੍ਹਾਂ ਦੇ ਯੂਨਾਨੀ ਪ੍ਰਭਾਵ ਦੀ ਝਲਕ ਹੈ।''[9]

ਅਸਤਰ ਦੇ ਲਿਖੇ ਜਾਣ ਦਾ ਸਭ ਤੋਂ ਵੱਧ ਸੰਭਵ ਸਮਾਂ ਪੰਜਵੀਂ ਸਦੀ ਈ.ਪੂ. (ਮਸੀਹ ਤੋਂ ਪਹਿਲਾਂ) ਦੇ ਦੂਜੇ ਅੱਧ ਵਿਚ ਹੈ, ਜੋ ਕਿਤਾਬ ਵਿਚ ਦਰਜ ਘਟਨਾਵਾਂ ਤੋਂ ਬਹੁਤਾ ਬਾਅਦ ਵਿਚ ਨਹੀਂ ਹੈ। ਅਧਿਆਇ 9 ਇਹ ਸਾਫ਼ ਕਰ ਦਿੰਦਾ ਹੈ ਕਿ ਪੂਰੀਮ ਦਾ ਪਰਬ ਕਿਤਾਬ ਦੇ ਲਿਖੇ ਜਾਣ ਵੇਲੇ ਤੋਂ ਪਹਿਲਾਂ ਹੀ ਮਨਾਇਆ ਜਾਂਦਾ ਸੀ, ਜੋ ਇਹ ਸੰਕੇਤ ਦਿੰਦਾ ਹੈ ਕਿ ਘਟਨਾਵਾਂ ਵਾਪਰੇ ਅਜੇ ਬਹੁਤਾ ਸਮਾਂ ਨਹੀਂ ਹੋਇਆ। ਇਹ ਸੰਭਵ ਹੈ ਕਿ ਲੇਖਕ ਉਨ੍ਹਾਂ ਗੱਲਾਂ ਦਾ ਚਸ਼ਮਦੀਦ ਸੀ ਜਿਨ੍ਹਾਂ ਦਾ ਵਰਣਨ ਉਸ ਨੇ ਕੀਤਾ; ਉਹ ਮਾਰਦਕਈ ਦਾ ਦੋਸਤ ਜਾਂ ਸਹਿਯੋਗੀ ਹੋ ਸਕਦਾ ਹੈ।

## ਇਤਹਾਸਕ ਪਿਛੋਕੜ

ਯਹੂਦਾਹਹ ਦੇ ਪਾਪਾਂ ਦੇ ਕਰਕੇ, ਖ਼ੁਦਾ ਨੇ 586 ਈ.ਪੂ. ਵਿਚ ਬਾਬਲ ਦੇ ਲੋਕਾਂ ਨੂੰ ਯਹੂਦੀਆਂ ਨੂੰ ਅਸੀਰੀ ਵਿਚ ਲਿਜਾਣ ਦਿੱਤਾ। ਕੋਰਸ ਦੀ ਹਕੂਮਤ ਵਿਚ, 539 ਈ.ਪੂ. ਦੇ ਕਰੀਬ ਫ਼ਾਰਸੀਆਂ ਨੇ ਬਾਬਲ ਨੂੰ ਹਰਾ ਕੇ ਉਨ੍ਹਾਂ ਦੀ ਹਕੂਮਤ ਉੱਤੇ ਕਬਜ਼ਾ ਕਰ ਲਿਆ। ਫਿਰ ਉਨ੍ਹਾਂ ਨੇ ਆਪਣੀ ਹਕੂਮਤ ਨੂੰ ਭਾਰਤ ਤੋਂ ਲੈ ਕੇ ਇਥੋਪੀਆ ਤਕ ਹੋਰਨਾਂ ਦੇਸ਼ਾਂ ਤਕ ਵਧਾਇਆ ਅਤੇ ਫ਼ਾਰਸੀ ਸਲਤਨਤ ਉਸ ਸਮੇਂ ਦੀ ਹੋਰ ਕਿਸੇ ਵੀ ਹਕੂਮਤ ਨਾਲੋਂ ਵੱਡਾ ਸੀ। ਫ਼ਾਰਸੀਆਂ ਨੇ ਸਲਤਨਤ ਨੂੰ ਪੱਛਮ ਵੱਲ ਵਧਾਉਣ ਦੀ

ਕੋਸ਼ਿਸ਼ ਕੀਤੀ; ਪਰ ਉਨ੍ਹਾਂ ਦੀ ਫ਼ੌਜ ਨੂੰ 480 ਈ.ਪੂ. ਦੇ ਨੇੜੇ ਤੇੜੇ ਯੂਨਾਨੀਆਂ ਵੱਲੋਂ ਹਰਾ ਦਿੱਤਾ ਗਿਆ ਅਤੇ ਉਹ ਉੱਤਰ ਵੱਲ ਨੂੰ ਚਲੇ ਗਏ ਜੋ ਆਧੁਨਿਕ ਤੁਰਕੀ ਦਾ ਹਿੱਸਾ ਹੈ।

ਅਸੀਰੀ ਦੇ ਬਾਅਦ ਪੂਰੇ ਸਮੇਂ ਯਹੂਦੀ ਫ਼ਾਰਸੀਆਂ ਦੇ ਮਤਹਿਤ ਰਹੇ। ਕੋਰਸ ਨੇ ਯਹੂਦੀਆਂ ਨੂੰ 538 ਈ.ਪੂ. ਵਿਚ ਵਤਨ ਵਾਪਸ ਜਾਣ ਦਿੱਤਾ। ਵਾਪਸ ਜਾਣ ਵਾਲਿਆਂ ਵਿਚ ਸਭ ਤੋਂ ਪਹਿਲੇ ਜੱਥੇ ਦੀ ਅਗਵਾਈ ਜ਼ਰੁੱਬਾਬਲ ਅਤੇ/ਜਾਂ ਸ਼ੇਸ਼ਬੱਸਰ ਨੇ ਕੀਤੀ (ਅਸਤਰ 1: 1–2: 70), ਪਰ ਬਹੁਤੇ ਲੋਕ ਬਾਬਲ ਵਿਚ ਰਹਿ ਗਏ। ਬਾਈਬਲ ਵਿਚ 458 ਈ.ਪੂ. ਦੇ ਨੇੜੇ ਤੇੜੇ ਇਕ ਹੋਰ ਵਾਪਸੀ ਦਾ ਜ਼ਿਕਰ ਹੈ ਜਿਸ ਅਸਤਰ ਯਹੂਦੀਆਂ ਦੇ ਇਕ ਹੋਰ ਜੱਥੇ ਨੂੰ ਯਹੂਦਾਹਹ ਵਿਚ ਲੈ ਗਿਆ (ਅਸਤਰ 7: 1–8: 32)। 445 ਈ.ਪੂ. ਦੇ ਨੇੜੇ ਤੇੜੇ ਨਹਮਯਾਹ ਯਰੂਸ਼ਲਮ ਨੂੰ ਗਿਆ (ਨਹਮਯਾਹ 2: 1–11)। ਅਜੇ ਵੀ ਹੋਰ ਬਹੁਤ ਸਾਰੇ ਯਹੂਦੀ ਪੂਰੀ ਫ਼ਾਰਸੀ ਸਲਤਨਤ ਵਿਚ ਖਿੱਲਰੇ ਪਏ ਸਨ। ਉਦਾਹਰਣ ਲਈ, ਪੰਜਵੀਂ ਸਦੀ ਈ.ਪੂ. (ਮਸੀਹ ਤੋਂ ਪਹਿਲਾਂ) ਵਿਚ, ਮਿਸਰ ਵਿਚ ਐਲਫਨਟਾਈਨ ਵਿਚ ਇਕ ਯਹੂਦੀ ਬਸਤੀ ਅਤੇ ਮੰਦਰ ਹੈ ਸੀ।

ਅਸਤਰ ਦੀ ਕਹਾਣੀ ਦਾ ਪਿਛੋਕੜ ਸਲਤਨਤ ਦੀ ਇਕ ਰਾਜਧਾਨੀ ਸ਼ੂਸ਼ਨ ਵਿਚ ਬਣਿਆ ਹੈ।[10] ਉਸ ਵਕਤ ਹਕੂਮਤ ਕਰ ਰਿਹਾ ਪਾਤਸ਼ਾਹ ਅਹਸ਼ਵੇਰੋਸ਼ ਸੀ ਜਿਹਦੀ ਪਛਾਣ ਅਕਸ਼ਕਰਸ਼ ਪਹਿਲੇ ਦੇ ਰੂਪ ਵਿਚ ਹੋਈ ਹੈ ਜਿਸ ਨੇ 486–465 ਈ.ਪੂ. ਵਿਚ ਰਾਜ ਕੀਤਾ।[11] ਇਸ ਵਿਰਤਾਂਤ ਵਿਚਲੀਆਂ ਘਟਨਾਵਾਂ ਯਹੂਦੀਆਂ ਦੀ ਪਹਿਲੀ ਵਾਪਸੀ ਤੋਂ ਬਾਅਦ, ਪਰ ਅਸਤਰ ਅਤੇ ਨਹਮਯਾਹ ਦੇ ਯਹੂਦਾਹ ਵਿਚ ਜਾਣ ਤੋਂ ਪਹਿਲਾਂ 480 ਈ.ਪੂ. ਦੇ ਨੇੜੇ ਤੇੜੇ ਵਾਪਰੀਆਂ।

## ਵਿਸ਼ਾ

ਕਿਤਾਬ ਦੀ ਸ਼ੁਰੂਆਤ ਫ਼ਾਰਸੀ ਸਲਤਨਤ ਦੇ ਬਾਦਸ਼ਾਹ, ਅਹਸ਼ਵੇਰੋਸ਼ ਵੱਲੋਂ ਆਪਣੀ ਸਲਤਨਤ ਦੇ ਸਭ ਹਾਕਮਾਂ ਲਈ ਇਕ ਵੱਡੀ ਦਾਅਵਤ ਦੇ ਵੇਰਵਾ ਦੇਣ ਨਾਲ ਹੋਈ। ਉਸ ਨੇ ਆਪਣੀ ਰਾਣੀ ਵਸ਼ਤੀ ਨੂੰ ਪਾਰਟੀ ਵਿਚ ਆਏ ਲੋਕਾਂ ਦੇ ਸਾਹਮਣੇ ਆਪਣੀ ਖ਼ੂਬਸੂਰਤੀ ਵਿਖਾਉਣ ਦਾ ਹੁਕਮ ਦਿੱਤਾ, ਪਰ ਉਸ ਨੇ ਇਨਕਾਰ ਕਰ ਦਿੱਤਾ। ਨਤੀਜਾ ਇਹ ਹੋਇਆ ਕਿ ਉਸ ਨੇ ਉਸ ਨੂੰ ਰਾਣੀ ਨਹੀਂ ਰਹਿਣ ਦਿੱਤਾ (1: 1–22)। ਖ਼ੂਬਸੂਰਤੀ ਦਾ ਇਕ ਤਰ੍ਹਾਂ ਦਾ ਮੁਕਾਬਲਾ ਕਰਵਾ ਕੇ ਉਸ ਨੇ ਉਹਦੀ ਥਾਂ ਕਿਸੇ ਹੋਰ ਨੂੰ ਰਾਣੀ ਬਣਾਉਣਾ ਚਾਹਿਆ। ਇਕ ਯਹੂਦਣ ਅਤੇ ਯਤੀਮ ਅਸਤਰ ਨੇ ਜਿਸ ਨੂੰ ਉਸ ਦੇ (ਤਾਏ ਦੇ ਪੁੱਤ) ਭਰਾ ਮਾਰਦਕਈ ਨੇ ਗੋਦ ਲਿਆ ਹੋਇਆ ਸੀ, ਉਹ ਮੁਕਾਬਲਾ ਜਿੱਤ ਲਿਆ। ਪਰ ਉਸਨੇ ਬਾਦਸ਼ਾਹ ਜਾਂ ਕਿਸੇ ਹੋਰ ਤੇ ਆਪਣੀ ਕੌਮਿਅਤ ਜ਼ਾਹਿਰ ਨਹੀਂ ਕੀਤੀ (2: 1–20)। ਇਸੇ ਦੌਰਾਨ ਮਾਰਦਕਈ ਨੂੰ ਬਾਦਸ਼ਾਹ ਦਾ ਕਤਲ ਕਰਨ ਦੀ ਸਾਜ਼ਸ਼ ਦਾ ਪਤਾ ਲੱਗਾ। ਉਸ ਨੇ ਇਸ ਦੀ ਖ਼ਬਰ ਦੇ ਕੇ ਬਾਦਸ਼ਾਹ ਦੀ ਜ਼ਿੰਦਗੀ ਬਚਾ ਲਈ (2: 21–23)।

ਜਦ ਮਾਰਦਕਈ ਨੇ ਬਾਦਸ਼ਾਹ ਦੇ ਚਹੇਤੇ ਹਾਮਾਨ ਅੱਗੇ ਝੁਕਣ ਤੋਂ ਇਨਕਾਰ ਕਰ ਦਿੱਤਾ, ਤਾਂ ਹਾਮਾਨ ਦੇ ਮਨ ਵਿਚ ਮਾਰਦਕਈ ਦੇ ਪ੍ਰਤੀ ਨਫ਼ਰਤ ਨੇ ਉਸ ਨੂੰ ਸਭ ਯਹੂਦੀਆਂ ਨੂੰ ਮਰਵਾ ਦੇਣ ਦੀ ਯੋਜਨਾ ਬਣਾਉਣ ਦੀ ਸਾਜ਼ਸ਼ ਕਰਨ ਲਈ ਪ੍ਰੇਰਿਆ। ਉਸ ਨੇ ਬਾਦਸ਼ਾਹ ਨੂੰ ਇਹ ਐਲਾਨ ਜਾਰੀ ਕਰਨ ਲਈ ਉਕਸਾਇਆ ਕਿ ਫਲਾਣੀ ਫਲਾਣੀ ਤਰੀਕ (''ਗੁਣੇ'' ਜਾਂ *pur, ਪੁਰ* ਪਾ ਕੇ ਠਹਿਰਾਈ ਗਈ) ਨੂੰ ਪੂਰੀ ਸਲਤਨਤ ਦੇ ਯਹੂਦੀਆਂ ਨੂੰ ਕਤਲ ਕੀਤਾ ਜਾਵੇ ਅਤੇ ਉਨ੍ਹਾਂ ਦਾ ਸਮਾਨ ਜਬਤ ਕੀਤਾ ਜਾਵੇ (3: 1–15)। ਇਸ ਯੋਜਨਾ ਬਾਰੇ ਪਤਾ ਲੱਗਣ ਤੋਂ ਬਾਅਦ ਮਾਰਦਕਈ ਨੇ ਅਸਤਰ ਨੂੰ ਯਹੂਦੀਆਂ ਦੀ ਤਰਫ਼ੋਂ ਬਾਦਸ਼ਾਹ ਦੇ ਸਾਹਮਣੇ ਦਖਲ ਦੇਣ ਲਈ ਆਖਿਆ। ਇਹ ਜਾਣਦੇ ਹੋਏ ਕਿ ਬਿਨਾਂ ਸੱਦੇ ਬਾਦਸ਼ਾਹ ਦੇ ਸਾਹਮਣੇ ਜਾਣ ਨਾਲ ਉਹਦੀ ਆਪਣੀ ਜਾਨ ਜਾ ਸਕਦੀ ਹੈ, ਉਹ ਨੇ ਜਾਣਾ ਕਬੂਲ ਕਰ ਲਿਆ (4: 1–17)।

ਅਸਤਰ ਬਾਦਸ਼ਾਹ ਦੇ ਕੋਲ ਗਈ, ਅਤੇ ਉਸ ਨੇ ਉਸ ਦਾ ਸਵਾਗਤ ਕੀਤਾ। ਫਿਰ ਉਸ ਨੇ, ਬਾਦਸ਼ਾਹ ਅਤੇ ਹਾਮਾਨ ਨੂੰ ਆਪਣੇ ਘਰ ਵਿਚ ਖਾਣੇ ਤੇ ਸੱਦਿਆ। ਇਸ ਦਾਅਵਤ ਤੇ, ਅਸਤਰ ਨੇ ਆਖਿਆ ਕਿ ਇਕ ਹੋਰ ਦਾਅਵਤ ਲਈ ਅਗਲੀ ਰਾਤ ਸਿਰਫ਼ ਉਹ ਦੋਵੇਂ ਫੇਰ ਉਹਦੇ ਨਾਲ ਖਾਣਾ ਖਾਣ (5: 1–8)। ਆਕੜ ਨਾਲ ਭਰਿਆ ਹਾਮਾਨ ਦਾਅਵਤ ਤੋਂ ਚਲਿਆ ਗਿਆ ਕਿਉਂ ਜੋ ਉਸ ਨੂੰ ਬਾਦਸ਼ਾਹ ਅਤੇ ਰਾਣੀ ਨਾਲ ਬੈਠਣ ਦਾ ਮਾਣ ਮਿਲਿਆ ਸੀ।

ਆਪਣੀ ਪਤਨੀ ਅਤੇ ਕੁਝ ਦੋਸਤਾਂ ਦੀ ਸਲਾਹ ਨਾਲ ਹਾਮਾਨ ਨੇ ਪੰਝੱਤਰ ਫੁੱਟ ਉੱਚੀ ਸੂਲੀ ਬਣਾਉਣ ਦਾ ਹੁਕਮ ਦਿੱਤਾ। ਉਹਦਾ ਇਰਾਦਾ ਆਪਣੇ ਦੁਸ਼ਮਣ ਮਾਰਦਕਈ ਨੂੰ ਇਸ ਉੱਤੇ ਟੰਗਣ ਦਾ ਸੀ (5: 9–14)।

ਬਾਦਸ਼ਾਹ ਉਸ ਰਾਤ ਸੌਂ ਨਾ ਸਕਿਆ, ਜਿਸ ਕਰਕੇ ਉਸ ਨੇ ਕੁਝ ਸਰਕਾਰੀ ਦਸਤਾਵੇਜ਼ ਪੜ੍ਹਵਾਏ। ਉਨ੍ਹਾਂ ਵਿਚ ਉਸ ਨੂੰ ਪਤਾ ਲੱਗਾ ਕਿ ਮਾਰਦਕਈ ਨੇ ਪਹਿਲਾਂ ਕਿਸੇ ਮੌਕੇ ਤੇ ਉਸ ਦੀ ਜਾਨ ਬਚਾਈ ਸੀ, ਪਰ ਉਹ ਨੂੰ ਉਹਦਾ ਕੋਈ ਇਨਾਮ ਨਹੀਂ ਮਿਲਿਆ ਸੀ। ਅਗਲੇ ਦਿਨ ਬਾਦਸ਼ਾਹ ਨੇ ਹਾਮਾਨ ਤੋਂ ਪੁੱਛਿਆ ਕਿ ਕਿਸੇ ਨੂੰ ਸਨਮਾਨ ਦੇਣ ਲਈ ਉਹ ਕੀ ਕਰੇ? ਹਾਮਾਨ ਨੇ ਇਹ ਸੋਚ ਕੇ ਕਿ ਬਾਦਸ਼ਾਹ ਉਸ ਨੂੰ ਸਨਮਾਨ ਦੇਣਾ ਚਾਹ ਰਿਹਾ ਹੈ, ਜਵਾਬ ਦਿੱਤਾ ਕਿ ਉਸ ਸ਼ਖ਼ਸ ਨੂੰ ਸ਼ਾਹੀ ਲਿਬਾਸ ਪੁਆ ਕੇ ਪੂਰੇ ਸ਼ਹਿਰ ਵਿਚ ਘੁਮਾਇਆ ਜਾਵੇ ਅਤੇ ਇਕ ਸਹਿਯੋਗੀ ਉਹਦੇ ਅੱਗੇ ਅੱਗੇ ਇਹ ਪੁਕਾਰਦੇ ਹੋਏ ਚੱਲੇ ਕਿ ਬਾਦਸ਼ਾਹ ਵੱਲੋਂ ਇਸ ਨੂੰ ਆਦਰ ਦਿੱਤਾ ਜਾ ਰਿਹਾ ਹੈ। ਫਿਰ ਬਾਦਸ਼ਾਹ ਨੇ ਹਾਮਾਨ ਨੂੰ ਮਾਰਦਕਈ ਲਈ ਇਹ ਕੰਮ ਕਰਨ ਦਾ ਹੁਕਮ ਦਿੱਤਾ (6: 1–14)।

ਦੂਜੀ ਦਾਅਵਤ ਤੇ, ਅਸਤਰ ਨੇ ਆਪਣੇ ਲੋਕਾਂ ਨੂੰ ਮਾਰਨ ਦੀ ਜ਼ਾਲਿਮ ਸ਼ਾਜ਼ਿਸ ਦਾ ਪੜਦਾਫ਼ਾਸ਼ ਕਰਦਿਆਂ ਉਹਦੇ ਲਈ ਹਾਮਾਨ ਦੇ ਜ਼ਿੰਮੇਵਾਰ ਹੋਣ ਵੱਲ ਇਸ਼ਾਰਾ ਕੀਤਾ। ਬਾਦਸ਼ਾਹ ਨੇ ਹਾਮਾਨ ਨੂੰ ਓਸੇ ਸੂਲੀ ਉੱਤੇ ਟੰਗ ਦਿੱਤਾ ਜਿਹੜੀ ਉਸ ਨੇ ਮਾਰਦਕਈ ਲਈ ਬਣਵਾਈ ਸੀ (7: 1–10)। ਬਾਦਸ਼ਾਹ ਦਾ ਫ਼ਰਮਾਨ ਬਦਲਿਆ ਨਹੀਂ ਜਾ ਸਕਦਾ ਸੀ, ਇਸ ਕਰਕੇ ਯਹੂਦੀਆਂ ਨੂੰ ਆਪਣੇ ਦੁਸ਼ਮਣਾਂ ਤੋਂ ਆਪਣਾ ਬਚਾਅ ਕਰਨ ਦਾ ਹੱਕ ਦਿੱਤਾ ਗਿਆ (8: 1–17)। ਅਖ਼ੀਰ ਵਿਚ ਯਹੂਦੀਆਂ ਨੇ ਆਪਣੇ ਬਹੁਤ ਸਾਰੇ ਦੁਸ਼ਮਣਾਂ ਨੂੰ ਮਾਰ ਸੁੱਟਿਆ, ਮਾਰਦਕਈ ਬਾਦਸ਼ਾਹ ਦਾ ਪ੍ਰਧਾਨ ਮੰਤਰੀ ਬਣ ਗਿਆ, ਅਤੇ ਉਦੋਂ ਤੋਂ ਯਹੂਦੀ ਲੋਕ ਪੂਰੀਮ ਦਾ ਪਰਬ ਮਨਾ ਕੇ ਆਪਣੇ ਛੁਟਕਾਰੇ ਨੂੰ ਮਨਾਉਣ ਲੱਗੇ (9: 1—10: 3)।

## ਜ਼ੋਰ

ਕਿਤਾਬ ਦਾ ਵੱਡਾ ਜ਼ੋਰ ਯਹੂਦੀਆਂ ਦੀ ਖਾਤਮੇ ਤੋਂ ਉਹ ਮੁਕਤੀ ਹੈ, ਜਿਹੜੀ ਅਸਤਰ ਦੇ ਰਾਹੀਂ ਖ਼ੁਦਾ ਨੇ ਦੁਆਈ ਸੀ। ਕਹਾਣੀ ਦੇ ਪਹਿਲੇ ਹਿੱਸੇ ਦੀਆਂ ਸਾਰੀਆਂ ਘਟਨਾਵਾਂ, ਜਿਵੇਂ ਅਸਤਰ ਦਾ ਰਾਣੀ ਬਣਨਾ, ਮਾਰਦਕਈ ਅਤੇ ਯਹੂਦੀਆਂ ਨਾਲ ਹਾਮਾਨ ਦੀ ਨਫ਼ਰਤ, ਅਸਤਰ ਨੂੰ ਬਾਦਸ਼ਾਹ ਅੱਗੇ ਜਾਣ ਦੀ ਮਾਰਦਕਈ ਦੀ ਅਪੀਲ ਅਤੇ ਹੋਰ ਘਟਨਾਵਾਂ, ਯਹੂਦੀਆਂ ਦੇ ਛੁਟਕਾਰੇ ਲਈ ਮੰਚ ਤਿਆਰ ਕਰਦੀਆਂ ਹਨ।

ਕਿਤਾਬ ਦੀ ਸਭ ਤੋਂ ਦਿਲਚਸਪੀ ਵਾਲੀ ਗੱਲ ਸ਼ਾਇਦ ਇਹ ਹੈ ਕਿ ਇਸ ਵਿਚ ਖ਼ੁਦਾ ਦਾ ਜ਼ਿਕਰ ਨਹੀਂ ਹੈ।[12] ਫਿਰ ਵੀ ਉਸ ਦੀ ਮੌਜੂਦਗੀ ਹਰ ਸਫ਼ੇ ਤੇ ਮਹਿਸੂਸ ਹੁੰਦੀ ਹੈ। ਚਾਰਲਸ ਆਰ. ਸਵਿੰਡਲ ਦੇ ਸ਼ਬਦਾਂ ਦੀ ਵਰਤੋਂ ਕਰੀਏ ਤਾਂ ''ਬਾਈਬਲ ਦੇ ਕਿਸੇ ਵੀ ਹੋਰ ਕਿਤਾਬ ਨਾਲੋਂ, ਅਸਤਰ ਖ਼ੁਦਾ ਦੇ ਅਦਿੱਖ ਰੱਬੀ ਇੰਤਜ਼ਾਮ ਕਰਨ ਲਈ ਸ਼ੁਕਰਗੁਜ਼ਾਰੀ ਹੈ।''[13] ਉਸ ਦਾ ਹੱਕ ਇਸ ਵਿਚ ਦੱਸੀ ਜਾਣ ਵਾਲੀ ਕਹਾਣੀ ਵਿਚ ਸ਼ੁਰੂ ਤੋਂ ਅਖ਼ੀਰ ਤਕ ਨਜ਼ਰ ਆਉਂਦਾ ਹੈ। ਪਹਿਲੇ ਪਾਠਕਾਂ ਨੇ ਯਕੀਨਨ ਇਹ ਜਾਣ ਲਿਆ ਹੋਵੇਗਾ ਕਿ ਆਪਣੇ ਲੋਕਾਂ ਦੇ ਛੁਟਕਾਰੇ ਲਈ ਇਸ ਵਿਰਤਾਂਤ ਦੀਆਂ ਘਟਨਾਵਾਂ ਵਿਚ ਉਹ ਕੰਮ ਕਰ ਰਿਹਾ ਸੀ। ਇੱਥੋਂ ਤਕ ਕਿਹਾ ਗਿਆ ਹੈ ਕਿ ''ਕਿਤਾਬ ਦਾ ਮੁੱਖ ਪਾਤਰ ਪਰਮੇਸ਼ੁਰ ਹੈ।''[14]

ਇਸ ਸਵਾਲ ਤੇ ਆਮ ਤੌਰ ਤੇ ਚਰਚਾ ਹੁੰਦੀ ਰਹਿੰਦੀ ਹੈ ਕਿ ਅਸਤਰ ਦੀ ਕਿਤਾਬ ਵਿਚ ਖ਼ੁਦਾ ਦਾ ਜ਼ਿਕਰ ਕਿਉਂ ਨਹੀਂ ਹੈ। ਵੱਖੋ ਵੱਖ ਜਵਾਬ ਦਿੱਤੇ ਜਾਂਦੇ ਹਨः (1) ਕਿਤਾਬ ਨੂੰ ਪੁਰਾਣੇ ਨੇਮ ਦੇ ਸਾਹਿਤ ਦੇ ''ਬੁੱਧ'' ਦੀ ਸ਼੍ਰੇਣੀ ਦਾ ਮੰਨਿਆ ਜਾਣਾ ਚਾਹੀਦਾ ਹੈ, ਅਤੇ ਬੁੱਧ ਦਾ ਸਾਹਿਤ ਕਦੇ ਖ਼ੁਦਾ ਦੀ ਜਾਂ ਧਾਰਮਿਕ ਰੀਤਾਂ ਦੀ ਗੱਲ ਨਹੀਂ ਕਰਦਾ। (2) ਇਹ ਵਿਰਤਾਂਤ ਫ਼ਾਰਸੀ ਪੁਰਾਲੇਖਾਂ ਵਿਚ ਸ਼ਾਮਿਲ ਕਰਨ ਲਈ ਲਿਖਿਆ ਗਿਆ ਸੀ; ਅਤੇ ਲੇਖਕ ਨੂੰ ਲੱਗਾ ਕਿ ਯਹੋਵਾਹ ਪਰਮੇਸ਼ੁਰ ਦਾ ਨਾਂਅ ਨਾ ਦੇਣਾ ਚੰਗਾ ਹੈ ਤਾਂ ਜੋ ਨਕਲਨਵੀਸ ਇਸ ਦੀ ਥਾਂ ਕਿਸੇ ਫ਼ਾਰਸੀ ਜਾਂ ਬਾਬਲ ਦੇ ਦੇਵੀ ਦੇਵਤੇ ਦਾ ਨਾਂਅ ਨਾ ਦੇ ਦੇਣੇ। (3) ਖ਼ੁਦਾ ਦੇ ਨਾਂਅ ਦਾ ਨਾ ਹੋਣਾ, ਖ਼ੁਦਾ ਦੇ ''ਗੁਪਤ'' ਹੋਣ ਦਾ ਸੰਕੇਤ ਦਿੰਦਾ ਹੈ। ਜਦ ਖ਼ੁਦਾ ਆਪਣੇ ਆਪ ਨੂੰ ਲੁਕਾਉਂਦਾ ਹੈ, ਭਾਵ ਜਦ ਉਹ ਲੋਕਾਂ ਤੋਂ ਆਪਣੀ ਮੌਜੂਦੀ ਹਟਾ ਲੈਂਦਾ ਹੈ ਤਾਂ ਅਜਿਹਾ ਉਹ ਆਪਣੀ ਨਾਰਾਜ਼ਗੀ ਦਾ ਸੰਕੇਤ ਦੇਣ ਲਈ ਕਰਦਾ ਹੈ। ਖ਼ੁਦਾ ਸ਼ੂਸ਼ਨ ਦੇ ਯਹੂਦੀ (ਅਤੇ ਸ਼ਾਇਦ ਗੈਰਕੌਮ ਜਗਤ ਦੇ ਸਾਰੇ ਯਹੂਦੀਆਂ ਨਾਲ, ਯਹੂਦਾਹ ਵਿਚਲੇ ਯਹੂਦੀਆਂ ਨੂੰ ਛੱਡ ਕੇ) ਨਾਰਾਜ਼ ਸੀ। ਉਨ੍ਹਾਂ ਨੇ ਪਵਿੱਤਰ ਧਰਤੀ ਉੱਤੇ ਵਾਪਸ ਜਾਣ ਮੌਕੇ ਤੋਂ ਇਨਕਾਰ ਕਰ ਦਿੱਤਾ, ਅਤੇ ਮਾਰਦਕਈ ਅਤੇ ਅਸਤਰ ਦੀਆਂ ਕਾਰਵਾਹੀਆਂ ਤੋਂ ਕਿਤਾਬ ਵਿਚ ਵੀ ਉਨ੍ਹਾਂ ਦੀਆਂ ਨੈਤਿਕ ਅਤੇ ਇਖ਼ਲਾਕੀ ਕਮੀਆਂ ਦਾ ਪਤਾ ਲਗਦਾ ਹੈ। ਖ਼ੁਦਾ ਨੇ ਉਨ੍ਹਾਂ ਬਾਰੇ ਕਿਤਾਬ ਵਿੱਚੋਂ ਆਪਣਾ ਨਾਂਅ ਨਾ ਪੁਆ ਕੇ ਸੰਕੇਤ ਦਿੱਤਾ ਕਿ ਉਸ ਨੇ ਉਨ੍ਹਾਂ ਯਹੂਦੀਆਂ ਨੂੰ ਮੰਜ਼ੂਰੀ ਨਹੀਂ ਦਿੱਤੀ; ਫਿਰ ਵੀ, ਆਪਣੀ ਨਾਮੰਜ਼ੂਰੀ ਦੇ ਬਾਵਜੂਦ, ਉਹ ਅਜੇ ਵੀ ਉਨ੍ਹਾਂ ਨੂੰ ਬਚਾਉਣ ਲਈ ਉਤਾਰੂ ਸੀ।

ਇਨ੍ਹਾਂ ਕੁਝ ਸੁਝਾਵਾਂ ਵਿਚ ਭਾਵੇਂ ਕੋਈ ਚੰਗੀ ਗੱਲ ਹੋ ਸਕਦੀ ਹੈ, ਪਰ ਅਸਲ ਵਿਚ ਕਿਸੇ ਨੂੰ ਵੀ ਪਤਾ ਨਹੀਂ ਹੈ ਕਿ ਇਲਹਾਮ ਪ੍ਰਾਪਤ ਲੇਖਕ ਨੇ ਕਿਤਾਬ ਵਿਚ ਖ਼ੁਦਾ ਦਾ ਨਾਂਅ ਸ਼ਾਮਿਲ ਨਾ ਕਰਨਾ ਕਿਉਂ ਚੁਣਿਆ। ਸ਼ਾਇਦ ਇਸ ਨੂੰ ਇਹ ਜ਼ੋਰ ਦੇਣ ਲਈ ਕੱਢਿਆ ਗਿਆ ਕਿ ਭਾਵੇਂ ਕਈ ਵਾਰ ਇਹ ਲਗਦਾ ਹੈ ਕਿ ਖ਼ੁਦਾ ਖਾਮੋਸ਼ ਹੈ, ਪਰ ਉਹ ਫਿਰ ਵੀ ਆਪਣੇ ਲੋਕਾਂ ਦੀ ਤਰਫ਼ੋਂ ਕੰਮ ਕਰਦਾ ਰਹਿੰਦਾ ਹੈ।

## ਉਦੇਸ਼

ਕਿਤਾਬ ਦਾ ਮੁੱਖ ਉਦੇਸ਼ ਪਾਠਕਾਂ ਨੂੰ ਇਹ ਯਕੀਨ ਦੁਆਉਣਾ ਹੋ ਸਕਦਾ ਹੈ ਕਿ ਉਨ੍ਹਾਂ ਦੇ ਖਿੱਲਰੇ ਪੁੱਲਰੇ ਹੋਣ ਦੇ ਬਾਵਜੂਦ, ਖ਼ੁਦਾ ਨੂੰ ਉਨ੍ਹਾਂ ਧਿਆਨ ਸੀ। ਸ਼ਾਇਦ ਉਨ੍ਹਾਂ ਸਾਧਨਾਂ ਜਾਂ ਤਰੀਕਿਆਂ ਦੀ ਵਰਤੋਂ ਕਰਕੇ ਜਿਨ੍ਹਾਂ ਦੀ ਉਮੀਦ ਨਹੀਂ ਕੀਤੀ ਜਾ ਸਕਦੀ, ਨਾ ਬਦਲਣ ਵਾਲੇ ਹਾਲਾਤ ਵਿਚ ਉਹ ਉਨ੍ਹਾਂ ਨੂੰ ਕੱਢ ਸਕਦਾ ਹੈ ਅਤੇ ਉਸ ਨੇ ਉਨ੍ਹਾਂ ਨੂੰ ਕੱਢਿਆ। ਲਿਖਤ ਦੋਵੇਂ ਉਦੇਸ਼ ਪੂਰੇ ਕਰਦੀ ਹੈ।

*ਧਾਰਮਿਕ* ਨਜ਼ਰੀਏ ਤੋਂ, ਇਹ ਮਹੱਤਵਪੂਰਣ ਸਚਿਆਈਆਂ ਨੂੰ ਵਿਖਾਉਂਦੀ ਹੈ। ਇਹ ਲੋਕਾਂ ਦੀਆਂ ਜ਼ਿੰਦਗੀਆਂ ਵਿਚ ਖ਼ੁਦਾ ਦੇ ਕੰਮ ਕਰਨ ਵਿਚ ਅਹਿਮ ਸਬਕ ਦਿੰਦੀ ਹੈ।

*ਇਤਹਾਸਿਕ* ਨਜ਼ਰੀਏ ਤੋਂ, ਕਿਤਾਬ ਪੂਰੀਮ ਦੇ ਪਰਬ ਦੇ ਸ਼ੁਰੂ ਹੋਣ ਦਾ ਕਾਰਣ ਦੱਸਦੀ ਹੈ। ਇਹ ਪਰਬ ਪੰਚਗ੍ਰੰਥ ਵਿਚ ਦਰਜ ਮੂਸਾ ਦੇ ਰਾਹੀਂ ਇਸਰਾਏਲੀਆਂ ਨੂੰ ਦਿੱਤੀ ਗਈ ਖ਼ੁਦਾ ਦੀ ਸ਼ਰ੍ਹਾ ਵਿਚ ਨਹੀਂ ਸੀ, ਪਰ ਬਾਅਦ ਦੇ ਸਾਲਾਂ ਵਿਚ ਇਹ ਮਨਾਇਆ ਜਾਂਦਾ ਸੀ। ਇਸ ਦੀ ਸ਼ੁਰੂਆਤ ਕਿਵੇਂ ਹੋਈ? ਅਸਤਰ ਇਸ ਸਵਾਲ ਦਾ ਜਵਾਬ ਦਿੰਦੀ ਹੈ।

*ਅਪੋਲੋਜੈਟਿਕ* ਨਜ਼ਰੀਏ ਤੋਂ, ਕਿਤਾਬ ਨੂੰ ਯਹੂਦੀਆਂ ਦੇ ਸ਼ੂਸ਼ਨ ਵਿਚ ਅਤੇ ਫ਼ਾਰਸੀ ਸਰਕਾਰ ਵਿਚ ਹੋਣ ਬਾਰੇ ਦੱਸਣ ਲਈ ਵਰਤਿਆ ਗਿਆ ਹੋ ਜਾ ਸਕਦਾ ਹੈ। ਬਾਅਦ ਦੇ ਕਿਸੇ ਬਾਦਸ਼ਾਹ ਨੂੰ ਹੈਰਾਨੀ ਹੋਈ ਹੋਵੇਗੀ ਕਿ ਮਾਰਦਕਈ (ਅਤੇ ਸ਼ਾਇਦ ਹੋਰਨਾਂ ਯਹੂਦੀਆਂ ਨੂੰ) ਸਰਕਾਰ ਵਿਚ ਐਨੀ ਅਹਿਮ ਭੂਮਿਕਾ ਕਿਵੇਂ ਮਿਲ ਗਈ ਅਤੇ/ਜਾਂ ਪੂਰੀਮ ਦੇ ਪਰਬ ਦੀ ਪ੍ਰੇਰਣਾ ਲਈ ਕੀ ਹੋਇਆ। ਫਿਰ ਕਿਸੇ ਫ਼ਾਰਸੀ ਯਹੂਦੀ ਨੇ ਉਨ੍ਹਾਂ ਸਵਾਲਾਂ ਦਾ ਜਵਾਬ ਦੇਣ ਅਤੇ ਯਹੂਦੀਆਂ ਦੇ ਇਤਹਾਸਕ ਵਿਰਤਾਂਤ ਨੂੰ ਦੇਣ ਲਈ ਇਹ ਵੇਰਵਾ ਲਿਖਿਆ ਹੋਵੇ। ਅਜਿਹੀ ਸ਼ੁਰੂਆਤ ਨਾਲ ਇਹ ਪਤਾ ਲਗ ਜਾਣਾ ਜ਼ਰੂਰੀ ਹੈ ਕਿ

ਲੇਖਕ ਨੇ ਬਾਦਸ਼ਾਹ ਅਹਸ਼ਵੇਰੋਸ਼ ਨੂੰ ਕਿਵੇਂ ਵਿਖਾਇਆ ਹੈ। ਬਾਦਸ਼ਾਹ ਨੂੰ ਦੁਸ਼ਟ ਨਹੀਂ ਵਿਖਾਇਆ ਗਿਆ, ਪਰ ਕਿਤਾਬ ਵਿਚ ਉਸ ਦੀ ਨਾਲਾਇਕੀ ਦਾ ਸੰਕੇਤ ਹੈ। ਬਾਅਦ ਵਾਲੇ ਬਾਦਸ਼ਾਹ ਨੇ ਇਸ ਹਿਆ ਹੋਵੇਗਾ ਤੱਥ ਨੂੰ ਸਲਾਹਿਆ ਹੋਵੇਗਾ ਕਿ ਇਹ ਬਾਦਸ਼ਾਹ ਦਾ ਸਨਮਾਨ ਸੀ ਪਰ ਕਿਸੇ ਕਹਾਣੀ ਤੋਂ ਜਿਹੜੀ ਉਸ ਤੋਂ ਪਹਿਲਾਂ ਦੇ ਕਿਸੇ ਬਾਦਸ਼ਾਹ ਨੂੰ ਅਨਾੜੀ ਵਿਖਾਉਂਦੀ ਹੋਵੇ ਨਾਰਾਜ਼ ਨਹੀਂ ਹੋਇਆ ਹੋਵੇਗਾ (ਬਲਕਿ ਖੁਸ਼ ਹੋਇਆ ਹੋਵੇਗਾ)।

## ਮਹੱਤਵ

ਅਸਤਰ ਦੀ ਕਹਾਣੀ ਦਿਲਚਸਪ, ਸਨਸਨੀਖੇਜ ਅਤੇ ਮਨੋਰੰਜਕ ਹੈ। ਫਿਰ ਵੀ ਇਹ ਅਹਿਮ ਸਬਕ ਵੀ ਸਿਖਾਉਂਦੀ ਹੈ ਕਿ ਖ਼ੁਦਾ ਆਪਣੇ ਲੋਕਾਂ ਦੀ ਸੰਭਾਲ ਕਿਵੇਂ ਕਰਦਾ ਹੈ। ਕਹਾਣੀ ਵਿਚ ਗੁੱਥੇ ਹੋਏ ਕੁਝ ਨਿਯਮ ਮਿਲਦੇ ਹਨ ਜਿਹੜੇ ਸਾਨੂੰ ਆਪਣੀ ਰੋਜ਼ਮੱਰਾ ਦੀ ਜ਼ਿੰਦਗੀ ਵਿਚ ਲਾਗੂ ਕਰਨੇ ਚਾਹੀਦੇ ਹਨ।

*ਇਹ ਖ਼ੁਦਾ ਦੀ ਯੋਜਨਾ ਲਈ ਯਹੂਦੀ ਲੋਕਾਂ ਦੇ ਮਹੱਤਵ ਨੂੰ ਵਿਖਾਉਂਦੀ ਹੈ।* ਵਿਰਤਾਂਤ ਜਦੋਂ ਇਹ ਦੱਸਦਾ ਹੈ ਕਿ ਖ਼ੁਦਾ ਦੇ ਰੱਬੀ ਇੰਤਜ਼ਾਮ ਦੇ ਰਾਹੀਂ, ਯਹੂਦੀ ਲੋਕ ਇਕ ਮੌਕੇ ਤੇ ਖ਼ਤਮ ਹੁੰਦੇ ਹੁੰਦੇ ਬਚ ਗਏ, ਤਾਂ ਇਹ ਇਸ ਗੱਲ ਦਾ ਸੰਕੇਤ ਦਿੰਦਾ ਹੈ ਕਿ ਲੋਕਾਂ ਦੇ ਰੂਪ ਵਿਚ ਛੁਟਕਾਰੇ ਦੀ ਖ਼ੁਦਾ ਦੀ ਯੋਜਨਾ ਵਿਚ ਉਨ੍ਹਾਂ ਦੀ ਅਹਿਮ ਭੂਮਿਕਾ ਸੀ। ਖ਼ੁਦਾ ਨੇ ਅਬਰਾਹਾਮ ਦੀ ਅੰਸ਼ ਦੇ ਰਾਹੀਂ ਸੰਸਾਰ ਨੂੰ ਬਚਾਉਣ ਦਾ ਵਾਅਦਾ ਕੀਤਾ ਸੀ। ਉਹ ਵਾਅਦਾ ਇਸਰਾਏਲ ਕੌਮ ਦੇ ਰਾਹੀਂ ਅੱਗੇ ਚੱਲਦਾ ਰਿਹਾ। ਜੇ ਖ਼ੁਦਾ ਇਸਰਾਏਲੀਆਂ ਨੂੰ ਖ਼ਤਮ ਹੋਣ ਜਾਣ ਦਿੰਦਾ, ਤਾਂ ਉਸ ਨੇ ਆਪਣੇ ਮਕਸਦ ਨੂੰ ਪੂਰਾ ਨਹੀਂ ਕਰ ਸਕਣਾ ਸੀ।

ਕਿਤਾਬ ਯਕੀਨੀ ਤੌਰ ਤੇ ਖ਼ੁਦਾ ਦੇ ਲੋਕਾਂ ਦੇ ‘‘ਯਹੂਦੀਪੁਣੇ’’ ਉੱਤੇ ਜ਼ੋਰ ਦਿੰਦੀ ਹੈ। ‘‘ਯਹੂਦੀ’’ ਸ਼ਬਦ ਅਸਤਰ ਦੀ ਕਿਤਾਬ ਦੇ ਦਸ ਅਧਿਆਇਆਂ ਵਿਚ ਇਕਵਚਨ ਜਾਂ ਬਹੁਵਚਨ ਰੂਪ ਵਿਚ, ਪੰਜਾਹ ਤੋਂ ਵੱਧ ਵਾਰ ਮਿਲਦਾ ਹੈ, ਜੋ ਕਿ ਪੁਰਾਣੇ ਨੇਮ ਦੀਆਂ ਬਾਕੀ ਦੀਆਂ ਸਾਰੀਆਂ ਕਿਤਾਬਾਂ ਨਾਲੋਂ ਵੱਧ ਵਾਰ ਹੈ। ਅਸਤਰ ਵਿਚ, ਮਾਰਦਕਈ ਨੇ ਆਪਣੇ ਇਸ ਵਿਸ਼ਵਾਸ ਨੂੰ ਵਿਖਾਇਆ ਕਿ ਰਾਣੀ ਉਨ੍ਹਾਂ ਦੇ ਵਿਸਵਾਸ ਵਿਚ ਦਖਲ ਦਵੇ ਜਾਂ ਨਾ, ਪਰ ‘‘ਯਹੂਦੀਆਂ ਲਈ ਰਿਹਾਈ ਅਰ ਛੁਟਕਾਰਾ ਕਿਸੇ ਹੋਰ ਥਾਂ ਤੋਂ’’ ਆ ਹੀ ਜਾਣਾ ਸੀ (4:14)। ਇੱਥੋਂ ਤਕ ਕਿ ਗੈਰਕੌਮਾਂ ਨੇ ਵੀ ਐਲਾਨ ਕਰ ਦਿੱਤਾ ਕਿ ਮਾਰਦਕਈ ਇਕ ਯਹੂਦੀ ਸੀ ਇਸ ਕਰਕੇ ਹਾਮਾਨ ਨੇ ‘‘ਉਹ ਨੂੰ ਜਿੱਤ ਨਹੀਂ ਪਾਉਣਾ ਸੀ’’ ਬਲਕਿ ਉਹਦੇ ਅੱਗੇ ਜ਼ਰੂਰ ‘‘ਡਿੱਗ’’ ਜਾਣਾ ਸੀ (6:13)। ਗੈਰਕੌਮਾਂ ਵਿੱਚੋਂ ਬਹੁਤ ਸਾਰੇ ਲੋਕ ‘‘ਯਹੂਦੀ ਬਣ ਬੈਠੇ ਸਨ’’ ਕਿਉਂ ਜੋ ਉਨ੍ਹਾਂ ਨੂੰ ਯਹੂਦੀਆਂ ਤੋਂ ਡਰ ਲਗਦਾ ਸੀ (8:17)। ਕਿਤਾਬ ਇਹ ਦੱਸਦੇ ਹੋਏ ਖ਼ਤਮ ਹੁੰਦੀ ਹੈ ਕਿ ‘‘ਮਾਰਦਕਈ ਯਹੂਦੀ’’ ਕਿਵੇਂ ‘‘ਅਹਸ਼ਵੇਰੋਸ਼ ਪਾਤਸ਼ਾਹ ਤੋਂ ਦੂਜੇ ਦਰਜੇ ਵਿਚ ਸੀ’’ (10:3)। ਇਹ ਇਹ ਸਾਬਤ ਕਰਨ ਲਈ ਲਿਖੀ ਗਈ ਸੀ ਕਿ ਖ਼ੁਦਾ ਤੋਂ ਮਿਲਣ ਵਾਲੀ ਮਦਦ ਕਰਕੇ ਯਹੂਦੀ ਲੋਕ ਅਜਿੱਤ ਸਨ, ਭਾਵ ਉਨ੍ਹਾਂ ਨੂੰ ਹਰਾਇਆ ਨਹੀਂ ਜਾ ਸਕਦਾ ਸੀ, ਅਤੇ ਉਨ੍ਹਾਂ ਨੂੰ ਬਰਬਾਦ ਕਰਨ ਦੀ ਕੋਸ਼ਿਸ਼ ਕਰਨ ਵਾਲਾ ਭਾਵੇਂ ਕੋਈ ਵੀ ਹੋਵੇ, ਉਸ ਨੇ ਬਰਬਾਦ ਹੋ ਜਾਣਾ ਸੀ।

ਕਿਤਾਬ ਇਸ ਦੀ ਬੇਹੱਦ ਕੌਮਪ੍ਰਸਤੀ ਕਰਕੇ ਇਸਦੀ ਅਲੋਚਨਾ ਕੀਤੀ ਗਈ ਹੈ। ਪਰ ਜਦ ਇਸ ਨੂੰ ਖ਼ੁਦਾ ਦੇ ਛੁਟਕਾਰੇ ਦੇ ਮਕਸਦ ਨਾਲ ਜੋੜ ਕੇ ਵੇਖਿਆ ਜਾਂਦਾ ਹੈ ਤਾਂ ਇਹ ਨਿਰੀ ਯਹੂਦੀਆਂ ਦੀ ਫ਼ਤਹਿ ਦੀ ਕਹਾਣੀ ਨਹੀਂ, ਬਲਕਿ ਇਸਰਾਏਲ ਨੂੰ ਚੁਣਨ ਅਤੇ ਉਸ ਨੂੰ ਕਾਇਮ ਰੱਖਣ ਦੇ ਰਾਹੀਂ ਮਨੁੱਖ ਨੂੰ ਆਪਣੇ ਵੱਲ ਵਾਪਸ ਲਿਆਉਣ ਲਈ ਖ਼ੁਦਾ ਦੀ ਯੋਜਨਾ ਦੀ ਫ਼ਤਹਿ ਦੀ ਕਹਾਣੀ ਹੈ। ਯਹੂਦੀਆਂ ਨੂੰ ਨਾਸ ਨਹੀਂ ਕੀਤਾ ਜਾ ਸਕਦਾ ਸੀ ਕਿਉਂ ਜੋ ਖ਼ੁਦਾ ਉਨ੍ਹਾਂ ਨੂੰ ਆਪਣੇ ਮਕਸਦਾਂ ਨਾਲ ਇਸਤੇਮਾਲ ਕਰਨਾ ਚਾਹੁੰਦਾ ਸੀ।

*ਇਹ ਖ਼ੁਦਾ ਦੇ ਰੱਬੀ ਇੰਤਜ਼ਾਮ ਨੂੰ ਵਿਖਾਉਂਦੀ ਹੈ।* ਅਸਤਰ ਦੀ ਕਹਾਣੀ ਇਹ ਵਿਖਾਉਂਦੀ ਹੈ

ਕਿ ਖ਼ੁਦਾ ਆਪਣੀ ਇੱਛਾ ਨੂੰ ਪੂਰੀ ਕਰਨ ਲਈ ਰੱਬੀ ਇੰਤਜ਼ਾਮ ਦੇ ਰਾਹੀਂ ਕਿਵੇਂ ਕੰਮ ਕਰਦਾ ਹੈ, ਭਾਵੇਂ ਕਿਸੇ ਬਾਹਰੀ ਮਾਹੌਲ ਵਿਚ ਹੀ ਕਿਉਂ ਨਾ ਹੋਵੇ। ਕਿਤਾਬ ਵਿਚ ਭਾਵੇਂ ਖ਼ੁਦਾ ਦਾ ਜ਼ਿਕਰ ਨਹੀਂ ਹੈ, ਪਰ ਉਸ ਦੀ ਮੌਜੂਦਗੀ ਦਾ ਅਹਿਸਾਸ ਹੈ, ਜਿਸ ਵਿਚ ਉਹ ਅਗਵਾਈ ਕਰਦਾ ਅਤੇ ਘਟਨਾਵਾਂ ਇਵੇਂ ਹੋਣ ਦਿੰਦਾ ਹੈ ਤਾਂ ਜੋ ਕਹਾਣੀ ਦੇ ਅਸਲ ਨਿਚੋੜ ਵਿਚ ਉਸ ਦਾ ਮਕਸਦ ਪੂਰਾ ਹੋਵੇ। ਅਸਤਰ ਨੂੰ ਕਹੇ ਗਏ ਮਾਰਦਕਈ ਦੇ ਸ਼ਬਦਾਂ ਤੋਂ ਖ਼ੁਦਾ ਦੇ ਰੱਬੀ ਇੰਤਜ਼ਾਮ ਵਿਚ ਉਸ ਦੇ (ਅਤੇ ਲੇਖਕ ਦੇ) ਵਿਸ਼ਵਾਸ ਦਾ ਪਤਾ ਲਗਦਾ ਹੈ:

> ਤਦ ਮਾਰਦਕਈ ਨੇ ਅਸਤਰ ਨੂੰ ਮੁੜ ਆਖਿਆ, ਤੂੰ ਆਪਣੇ ਮਨ ਵਿਚ ਇਹ ਵਿਚਾਰ ਨਾ ਕਰ ਕਿ ਸਾਰੇ ਯਹੂਦੀਆਂ ਵਿੱਚੋਂ ਪਾਤਸ਼ਾਹ ਦੇ ਮਹਿਲ ਵਿਚ ਤੂੰ ਬਚ ਜਾਵੇਂਗੀ ਕਿਉਂਕਿ ਜੇ ਤੂੰ ਇਸ ਵੇਲੇ ਚੁੱਪ ਸਾਧ ਲਈ ਤਾਂ ਯਹੂਦੀਆਂ ਲਈ ਰਿਹਾਈ ਅਰ ਛੁਟਕਾਰਾ ਕਿਸੇ ਹੋਰ ਥਾਂ ਤੋਂ ਆਵੇਗਾ ਪਰ ਤੂੰ ਅਰ ਤੇਰੇ ਪਿਤਾ ਦਾ ਟੱਬਰ ਨਾਸ਼ ਹੋ ਜਾਓਗੇ ਅਤੇ ਕੀ ਜਾਣੀਏ ਕਿ ਤੂੰ ਅਜੇਹੇ ਵੇਲੇ ਲਈ ਪਾਤਸ਼ਾਹੀ ਤੀਕ ਪੁੱਜੀ ਹੈਂ (4:13, 14)।

*ਇਹ ਸਮਝਦਾਰੀ ਨਾਲ ਮੁਸ਼ਕਿਲ ਚੁਣੌਤੀਆਂ ਦੀ ਪ੍ਰਤੀਕਿਰਿਆ ਦੀ ਲੋੜ ਨੂੰ ਵਿਖਾਉਂਦੀ ਹੈ।* ਯਹੂਦੀਆਂ ਦਾ ਬਚਾਅ ਭਾਵੇਂ ਖ਼ੁਦਾ ਦੇ ਰੱਬੀ ਇੰਤਜ਼ਾਮ ਦੇ ਰਾਹੀਂ ਹੁੰਦਾ ਹੈ, ਪਰ ਮਾਰਦਕਈ ਅਤੇ ਅਸਤਰ ਦੀਆਂ ਸਮਝਦਾਰੀ ਭਰੀਆਂ ਕਾਰਵਾਹੀਆਂ ਉਨ੍ਹਾਂ ਦੇ ਛੁਟਕਾਰੇ ਵਿਚ ਯੋਗਦਾਨ ਪਾਉਂਦੀਆਂ ਹਨ। ਇਸ ਕਰਕੇ ਇਹ ਕਹਾਣੀ ਇਹ ਜ਼ੋਰ ਦਿੰਦੀ ਹੈ ਕਿ ਜੇ ਲੋਕ ਆਪਣੀ ਪੂਰੀ ਵਾਹ ਲਾ ਦੇਣ ਅਤੇ ਬਾਕੀ ਖ਼ੁਦਾ ਉੱਤੇ ਛੱਡ ਦੇਣ ਤਾਂ ਖ਼ੁਦਾ ਦੀ ਇੱਛਾ ਨੂੰ ਮਨੁੱਖੀ ਮਾਮਲਿਆਂ ਵਿਚ ਹਾਸਲ ਕੀਤਾ ਜਾ ਸਕਦਾ ਹੈ।

*ਇਹ ਗੈਰਕੌਮਾਂ ਨਾਲ ਯਹੂਦੀਆਂ ਦੇ ਸਬੰਧ ਨੂੰ ਵਿਖਾਉਂਦੀ ਹੈ।*ਅਸੀਰੀ ਤੋਂ ਬਾਅਦ ਦੇ ਯਹੂਦੀਆਂ ਅੱਗੇ ਸਭ ਤੋਂ ਮੁਸ਼ਕਿਲ ਸਵਾਲਾਂ ਵਿੱਚੋਂ ਇਕ ਇਹ ਸੀ ਕਿ ਆਪਣੇ ਆਲੇ ਦੁਆਲੇ ਦੇ ਗੈਰਕੌਮਾਂ ਨਾਲ ਉਹ ਕੀ ਪ੍ਰਤੀਕਿਰਿਆ ਦੇਣ। ਅਸੀਰੀ ਤੋਂ ਬਾਅਦ ਦੀਆਂ ਦੋ ਹੋਰ ਇਤਹਾਸਕ ਕਿਤਾਬਾਂ ਅਸਤਰ ਅਤੇ ਨਹਮਯਾਹ ਵਿਚ ''ਦੇਸ਼ਾਂ ਦੇ ਲੋਕਾਂ'' ਨਾਲ ਉਨ੍ਹਾਂ ਦਾ ਸਬੰਧ ਵੱਡੀ ਚਿੰਤਾ ਦਾ ਵਿਸ਼ਾ ਹੈ। ਫ਼ਲਸਤੀਨ ਤੋਂ ਬਾਹਰ ਰਹਿਣ ਵਾਲੇ ਯਹੂਦੀ ਖ਼ਾਸ ਤੌਰ ਤੇ ਇਸ ਮੁੱਦੇ ਤੇ ਚਿੰਤਤ ਹੋਣਗੇ, ਕਿਉਂ ਜੋ ਉਹ ਆਲੇ ਦੁਆਲੇ ਦੀਆਂ ਹੋਰਨਾਂ ਕੌਮਾਂ ਦੇ ਲੋਕਾਂ ਨਾਲ ਘਿਰੇ ਹੋਏ ਸਨ।

ਯਹੂਦੀਆਂ ਨੂੰ ਪਰੇਸ਼ਾਨ ਕਰਨ ਵਾਲੇ ਸਵਾਲਾਂ ਵਿੱਚੋਂ ਇਹ ਸਵਾਲ ਹੋਣਗੇ: ''ਭਲਾ ਗੈਰਕੌਮਾਂ ਵਿਚ ਰਹਿੰਦਿਆਂ ਅਸੀਂ ਬਚ ਵੀ ਸਕਾਂਗੇ, ਜਾਂ ਤਰੱਕੀ ਕਰ ਸਕਾਂਗੇ?'' ''ਆਪਣੇ ਗੈਰਕੌਮ ਗੁਆਂਢੀਆਂ ਤੋਂ ਸਾਨੂੰ ਕੀ ਉਮੀਦ ਰੱਖਣੀ ਚਾਹੀਦੀ ਹੈ?'' ''ਸਾਨੂੰ ਉਸ ਬੁੱਤਪ੍ਰਸਤ ਸਰਕਾਰ ਤੋਂ ਕੀ ਉਮੀਦ ਰੱਖਣੀ ਅਤੇ ਕਿਹੋ ਜਿਹਾ ਸਬੰਧ ਰੱਖਣਾ ਚਾਹੀਦਾ ਹੈ, ਜਿਸ ਦੇ ਮਤਹਿਤ ਅਸੀਂ ਹਾਂ?'' ''ਸਾਨੂੰ ਗੈਰਕੌਮ ਦੁਸ਼ਮਣਾਂ ਉੱਤੇ ਫ਼ਤਹਿ ਪਾਉਣ ਦੀ ਕੋਈ ਉਮੀਦ ਹੈ?'' ਇਹ ਕਿਤਾਬ ਅਜਿਹੇ ਸਵਾਲਾਂ ਦੇ ਜਵਾਬ ਦੇਣ ਦੀ ਮਦਦ ਲਈ ਲਿਖੀ ਗਈ।

ਅਸਤਰ ਅਤੇ ਮਾਰਦਕਈ ਦੇ ਅਨੁਭਵਾਂ ਦੇ ਸੰਦਰਭ ਵਿਚ, ਯਹੂਦੀਆਂ ਨੂੰ ਇਸ ਤਰ੍ਹਾਂ ਨਾਲ ਵਿਖਾਇਆ ਗਿਆ ਹੈ:

ਉਹ ਬਾਦਸ਼ਾਹ ਅਤੇ ਉਸ ਦੀ ਸਲਤਨਤ ਦੇ ਮਦਦਗਾਰ ਹਨ (2:19–23)।
ਉਹ ਇਕ ਫ਼ਰਕ ਨਿਅਮ ਤੇ ਤਹਿਤ ਰਹਿੰਦੇ ਹਨ (3:8)।
ਉਨ੍ਹਾਂ ਉੱਤੇ ਬਾਦਸ਼ਾਹ ਦੇ ਨਿਯਮਾਂ ਨੂੰ ਨਾ ਮੰਨਣ ਦਾ ਗਲਤ ਇਲਜ਼ਾਮ ਲਾਇਆ ਜਾਂਦਾ ਹੈ (3:8)।
ਅਧਿਕਾਰੀਆਂ ਵੱਲੋਂ ਉਨ੍ਹਾਂ ਦਾ ਸਨਮਾਨ ਕੀਤਾ ਜਾਂਦਾ ਹੈ (6:1–11)।
ਉਹ ਸਰਕਾਰ ਵਿਚ ਉੱਚੇ ਰੁਤਬੇ ਹਾਸਿਲ ਕਰਦੇ ਹਨ (8:2; 9:3, 4; 10:2, 3)।

ਉਨ੍ਹਾਂ ਦੇ ਗੁਆਂਢੀਆਂ ਵੱਲੋਂ ਉਨ੍ਹਾਂ ਦੀ ਤਾਰੀਫ਼ ਕੀਤੀ ਜਾਂਦੀ ਹੈ (8:15)।
ਸਭ ਲੋਕ ਉਨ੍ਹਾਂ ਦਾ ਆਦਰ ਕਰਦੇ (ਭੈ ਖਾਂਦੇ) ਹਨ (6:13; 8:17; 9:2)।
ਆਪਣੇ ਦੁਸ਼ਮਣਾਂ ਉੱਤੇ ਉਹ ਫ਼ਤਹਿ ਪਾਉਂਦੇ ਹਨ (7:10; 8:1; 9:1, 5–10, 22)।

ਫ਼ਾਰਸੀ ਹਕੂਮਤ ਵਿਚ ਯਹੂਦੀਆਂ ਨੂੰ ਉੱਘੇ ਅਤੇ ਸਰਦੇ–ਪੁੱਜਦੇ ਵਿਖਾਇਆ ਗਿਆ ਹੈ। ਮਾਰਦਕਈ ਨੂੰ ਐਨਾ ਕੁ ਅਮੀਰ ਦੱਸਿਆ ਗਿਆ ਲਗਦਾ ਹੈ ਕਿ ਉਹ ਬਾਦਸ਼ਾਹ ਦੇ ਮਹਿਲ ਦੇ ਫਾਟਕ ਤੇ ਬੈਠ ਕੇ ਆਪਣੇ ਦਿਨ ਕੱਟ ਸਕਦਾ ਸੀ (2:21)। ਇਸ ਖ਼ਬਰ ਨਾਲ ਕਿ ਯਹੂਦੀ ਬਰਬਾਦ ਹੋ ਜਾਣ ਵਾਲੇ ਹਨ ਸ਼ੂਸ਼ਨ ਵਿਚ ਹਾਹਾਕਾਰ ਮਚ ਗਈ (3:15); ਅਤੇ ਇਹ ਤੱਥ ਕਿ ਯਹੂਦੀਆਂ ਦੇ ਦੁਸ਼ਮਣਾਂ ਨੇ ਉਨ੍ਹਾਂ ਦੀਆਂ ਚੀਜ਼ਾਂ ਨੂੰ ਚਾਹਿਆ ਸੁਝਾਅ ਦਿੰਦਾ ਹੈ ਕਿ ਉਹ, ਕੁੱਲ ਮਿਲਾ ਕੇ ਸਰਦੇ–ਪੁੱਜਦੇ ਲੋਕ ਸਨ (3:9–13)।

ਨਾਲੇ ਕਿਤਾਬ ਉਨ੍ਹਾਂ ਵੱਖੋ ਵੱਖ ਤਰੀਕਿਆਂ ਉੱਤੇ ਵਿਚਾਰ ਕਰਦੀ ਹੈ ਜਿਨ੍ਹਾਂ ਨਾਲ ਗੈਰਕੌਮਾਂ ਦਾ ਸਬੰਧ ਖ਼ੁਦਾ ਦੇ ਲੋਕਾਂ ਨਾਲ ਸੀ। (1) ਕੁਝ ਲੋਕ ਯਹੂਦੀਆਂ ਦੇ ਦੁਸ਼ਮਣ ਸਨ। ਖ਼ੁਦਾ ਨੇ ਉਨ੍ਹਾਂ ਦੇ ਬਾਵਜੂਦ ਆਪਣੇ ਮਕਸਦ ਹਾਸਲ ਕਰ ਲਏ। ਅਸਲ ਵਿਚ ਉਨ੍ਹਾਂ ਨੂੰ ਮਾਰਿਆ ਗਿਆ ਅਤੇ ਯਹੂਦੀਆਂ ਨੂੰ ਨਤੀਜੇ ਵਜੋਂ ਵੱਡੀ ਪ੍ਰਤਿਸ਼ਠਾ ਮਿਲੀ। (2) ਕੁਝ ਲੋਕ ਯਹੂਦੀਆਂ ਦੇ ਦੋਸਤ ਸਨ ਅਤੇ ਖ਼ੁਦਾ ਨੇ ਆਪਣੇ ਮਕਸਦਾਂ ਨੂੰ ਹਾਸਿਲ ਕਰਨ ਲਈ ਉਨ੍ਹਾਂ ਤੋਂ ਵੱਖੋ ਵੱਖ ਕਰ ਦਿੱਤਾ। ਉਦਾਹਰਣ ਲਈ, ਫ਼ਾਰਸੀ ਬਾਦਸ਼ਾਹ ਦੇ ਹਰਮ ਦੇ ਇੰਚਾਰਜ ਨੇ ਅਸਤਰ ਅਤੇ ਮਾਰਦਕਈ ਦੀ ਮਦਦ ਕੀਤੀ (2:8–15)। ਖ਼ੁਦਾ ਦੇ ਰੱਬੀ ਇੰਤਜ਼ਾਮ ਵਿਚ ਫ਼ਾਰਸੀ ਪਾਤਸ਼ਾਹ ਅਹਸ਼ਵੇਰੋਸ਼ ਅਖ਼ੀਰ ਵਿਚ ਯਹੂਦੀਆਂ ਦਾ ਹਮਾਇਤੀ ਬਣ ਗਿਆ (8:1—10:3)। ਨਾਲੇ ਠਹਿਰਾਏ ਹੋਏ ਦਿਨ ਜਦ ਯਹੂਦੀਆਂ ਦੀ ਆਪਣੇ ਦੁਸ਼ਮਣਾਂ ਨਾਲ ਲੜਾਈ ਹੋਈ, ਤਾਂ ਉਨ੍ਹਾਂ ਦੇ ਸੂਬਿਆਂ ਦੇ ਗੈਰਕੌਮ ਹਾਕਮਾਂ ਨੇ ਉਨ੍ਹਾਂ ਦੀ ‘‘ਸਹਾਇਤਾ ਕੀਤੀ’’ (9:3)। (3) ਅਸਤਰ 8:17 ਦੇ ਮੁਤਾਬਕ, ਕੁਝ ਯਹੂਦੀ ਬਣ ਗਏ। ਇਹ ਵਾਕ ਇਸ ਗੱਲ ਦਾ ਸੁਝਾਅ ਦਿੰਦਾ ਹੈ ਕਿ ਆਪਣੀ ਪਰਜਾ ਦੇ ਰੂਪ ਵਿਚ ਖ਼ੁਦਾ ਨੇ ਉਨ੍ਹਾਂ ਦਾ ਸਵਾਗਤ ਕੀਤਾ ਅਤੇ ਯਕੀਨਨ ਇਹ ਅਰਥ ਦਿੰਦਾ ਹੈ ਕਿ ਇਸਰਾਏਲੀਆਂ ਨੇ ਵੀ ਉਨ੍ਹਾਂ ਨੂੰ ਕਬੂਲ ਕਰ ਲੈਣਾ ਸੀ।[15]

ਮੁਢਲੇ ਪਾਠਕਾਂ ਨੂੰ ਕਿਤਾਬ ਵਿਚ ਯਹੂਦੀਆਂ ਦੀ ਸਕਾਰਾਤਮਕ ਤਸਵੀਰ ਤੋਂ ਦਲੇਰੀ ਮਿਲੀ ਹੋਵੇਗੀ ਅਤੇ ਉਨ੍ਹਾਂ ਨੇ ਨਿਚੋੜ ਕੱਢਿਆ ਹੋਵੇਗਾ ਕਿ ਉਨ੍ਹਾਂ ਨੂੰ ਆਪਣੇ ਗੈਰਕੌਮ ਗੁਆਂਢੀਆਂ ਤੋਂ ਡਰਨ ਦੀ ਕੋਈ ਲੋੜ ਨਹੀਂ ਹੈ। ਆਖ਼ਿਰ, ਖ਼ੁਦਾ ਸਾਰੀਆਂ ਕੌਮਾਂ ਦਾ ਸ਼ਹਿਨਸ਼ਾਹ ਹੈ। ਗੈਰਕੌਮਾਂ ਨਾਲ ਆਪਣੇ ਵਿਹਾਰਾਂ ਵਿਚ, ਯਹੂਦੀਆਂ ਨੂੰ ਪਤਾ ਸੀ ਕਿ ਯਹੋਵਾਹ ਉਨ੍ਹਾਂ ਦੀ ਨਿਗਰਾਨੀ ਕਰੇਗਾ ਅਤੇ ਉਨ੍ਹਾਂ ਦੇ ਆਪਣੇ ਦੁਆਲੇ ਦੇ ਕੁਝ ਲੋਕ, ਉਨ੍ਹਾਂ ਨਾਲ ਦੋਸਤੀ ਕਰਕੇ ਜਾਂ ਉਨ੍ਹਾਂ ਦਾ ਸਾਥ ਦੇ ਕੇ ਮਦਦ ਕਰ ਸਕਦੇ ਹਨ।

## ਵਿਆਖਿਆ

ਅਸਤਰ ਦੀ ਕਿਤਾਬ ਦੀ ਵਿਆਖਿਆ ਕਿਵੇਂ ਕੀਤੀ ਜਾਣੀ ਚਾਹੀਦੀ ਹੈ। ਇਹ ਸਵਾਲ ਇਸ ਵੱਲੋਂ ਚੁੱਕੇ ਗਏ ਕਈ ਵਿਵਾਦਾਸਪਦ ਇਖ਼ਲਾਕੀ ਮੁੱਦਿਆਂ ਕਰਕੇ ਉੱਠਦਾ ਹੈ। ਭਲਾ ਵਸ਼ਤੀ ਲਈ ਬਾਦਸ਼ਾਹ ਦੀ ਦਾਅਵਤ ਵਿਚ ਬੰਦਿਆਂ ਦੇ ਸਾਹਮਣੇ ਆਪਣੇ ਨੁਮਾਇਸ਼ ਲਾਉਣ ਤੋਂ ਇਨਕਾਰ ਕਰਨਾ ਸਹੀ ਸੀ ਜਾਂ ਨਹੀਂ? ਭਲਾ ਅਸਤਰ ਨੂੰ ਖ਼ੂਬਸੂਰਤੀ ਦੇ ਮੁਕਾਬਲੇ ਵਿਚ ਜਿਲਦ ਲੈਣਾ ਚਾਹੀਦਾ ਸੀ? ਉਸ ਨੂੰ, ਜਿਹੜੀ ਯਹੂਦਣ ਸੀ, ਗੈਰਕੌਮ, ਭਾਵ ਓਪਰੇ ਨਾਲ ਵਿਆਹ ਕਰਨਾ ਚਾਹੀਦਾ ਸੀ? ਅਸਤਰ ਨੂੰ ਆਪਣੇ ਪਤੀ ਤੋਂ ਆਪਣੀ ਕੌਮੀਅਤ ਨੂੰ ਲੁਕਾਉਣਾ ਚਾਹੀਦਾ ਸੀ? ਭਲਾ ਅਸਤਰ ਅਤੇ ਮਾਰਦਕਈ ਲਈ ਯਹੂਦੀਆਂ ਦੇ ਦੁਸ਼ਮਣਾਂ ਦੇ ਕਤਲ ਲਈ ਬਾਦਸ਼ਾਹ ਦੀ ਮੰਜ਼ੂਰੀ ਲੈਣਾ ਸਹੀ ਸੀ?

ਟੀਕਾਕਾਰਾਂ ਨੇ ਵੱਖੋ ਵੱਖ ਤਰੀਕਿਆਂ ਨਾਲ ਅਸਤਰ ਵਿਚ ਸਾਫ਼ ਮਿਲਣ ਵਾਲੀਆਂ ਇਖ਼ਲਾਕੀ

ਕਮੀਆਂ ਦੇ ਸਵਾਲ ਨੂੰ ਉਠਾਇਆ ਹੈ। ਵਧੇਰੇ ਅਲੋਚਨਾਤਮਕ ਲੇਖਾਂ ਨੇ ਇਨ੍ਹਾਂ ਕਾਲਪਨਿਕ ਇਖ਼ਲਾਕੀ ਕਮੀਆਂ ਨੂੰ ਕਿਤਾਬ ਦੇ ਬੇਕਾਰ ਹੋਣ ਦਾ ਐਲਾਨ ਕਰਨ ਦਾ ਵਧੀਆ ਕਾਰਣ ਦੱਸਿਆ ਹੈ। ਹੋਰਨਾਂ ਟੀਕਾਕਾਰਾਂ ਨੇ ਇਲਹਾਮ ਵਿਚ ਵਿਸ਼ਵਾਸ ਰੱਖਦਿਆਂ ਅਸਤਰ ਅਤੇ ਮਾਰਦਕਈ ਨੂੰ ਵਿਸ਼ਵਾਸ ਦੇ ਨਾਇਕ ਮੰਨਦਿਆਂ, ਦੋਹਾਂ ਮੁੱਖ ਪਾਤਰਾਂ ਵੱਲੋਂ ਕੀਤੀ ਗਈ ਹਰ ਗੱਲ ਨੂੰ ਸਹੀ ਠਹਿਰਾਉਣਾ ਚਾਹਿਆ ਹੈ। ਇਕ ਹੋਰ ਤਰੀਕਾ ਕਿਤਾਬ ਦੀ ਵਿਆਖਿਆ ਸੰਕੇਤਕ ਤੌਰ ਤੇ ਕਰਕੇ ਸਾਫ਼ ਨਜ਼ਰ ਆਉਣ ਵਾਲੇ ਗੈਰ–ਇਖ਼ਲਾਕੀ ਕੰਮਾਂ ਨੂੰ ਘੱਟ ਕਰਕੇ ਦੱਸਣਾ ਹੈ।

ਪਰ ਕਿਤਾਬ ਨੂੰ ਸਮਝਣ ਦਾ ਸਭ ਤੋਂ ਵਧੀਆ ਤਰੀਕਾ ਇਸ ਨੂੰ ਸਿਰਫ਼ ਇਤਹਾਸਕ ਵਿਰਤਾਂਤ ਦੇ ਰੂਪ ਵਿਚ ਮੰਨ ਕੇ ਇਸ ਦੀ ਵਿਆਖਿਆ ਉਵੇਂ ਹੀ ਕਰਨਾ ਹੈ। ਪੁਰਾਣੇ ਨੇਮ ਦਾ ਇਤਹਾਸ ਇਸ ਦੇ ਨਾਇਕਾਂ ਨੂੰ ਵਧਾਅ ਚੜ੍ਹਾ ਕੇ ਵਿਖਾਉਣਾ ਨਹੀਂ ਸੀ ਜਿਸ ਨਾਲ ਅਗਲੀਆਂ ਪੀੜ੍ਹੀਆਂ ਉਨ੍ਹਾਂ ਤੋਂ ਨੈਤਿਕਤਾ ਦੇ ਸਬਕ ਲੈ ਸਕਣ। ਆਮ ਤੌਰ ਤੇ ਬਾਈਬਲ ਦੇ ਇਤਹਾਸਕਾਰਾਂ ਨੇ (ਉਤਪਤ ਤੋਂ ਅਸਤਰ ਤਕ) ਬਿਨਾਂ ਕੋਈ ਨੈਤਿਕ ਸਬਕ ਦੇਣ ਦੀ ਕੋਸ਼ਿਸ਼ ਕੀਤੇ, ਕਹਾਣੀਆਂ ਨੂੰ ਉਵੇਂ ਹੀ ਦੱਸਿਆ ਜਿਵੇਂ ਉਹ ਵਾਪਰੀਆਂ ਸਨ। (ਜਦ ਉਨ੍ਹਾਂ ਨੇ ਬਾਈਬਲ ਦੇ ਕਿਸੇ ਪਾਤਰ ਨੂੰ ਚੰਗੀ ਜਾਂ ਮਾੜੀ ਮਿਸਾਲ ਦੇਣ ਲਈ ਵਰਤਣਾ ਚਾਹਿਆ, ਤਾਂ ਉਨ੍ਹਾਂ ਨੇ ਸਾਫ਼–ਸਾਫ਼ ਦੱਸ ਦਿੱਤਾ।) ਉਨ੍ਹਾਂ ਦਾ ਟੀਚਾ ਨੈਤਿਕ ਅਗਵਾਈ ਦੇਣ ਦੀ ਬਜਾਇ ਮਨੁੱਖਾਂ ਦੇ ਮਾਮਲਿਆਂ ਵਿਚ ਖ਼ੁਦਾ ਦੇ ਕੰਮ ਕਰਨ ਲਈ ਵੀ ਹੋਣਾ ਸੀ, ਜਿਸ ਵਿਚ ਉਹ ਛੁਟਕਾਰੇ ਦੀ ਆਪਣੀ ਯੋਜਨਾ ਦੇ ਰਾਹੀਂ ਮਨੁੱਖ ਨੂੰ ਆਪਣੇ ਵੱਲ ਮੋੜਨ ਲਈ ਕੰਮ ਕਰ ਰਿਹਾ ਸੀ। ਬਾਈਬਲ ਦੇ ਲੇਖਕਾਂ ਨੇ ਇਹ ਤੈਅ ਕਰਨ ਕਰਨਾ ਕਿ ਬਾਈਬਲ ਦੇ ਕਿਸੇ ਪਾਤਰ ਦੀ ਉਸ ਦੇ ਕਿਸੇ ਕੰਮ ਲਈ ਤਾਰੀਫ ਕੀਤੀ ਜਾਵੇ ਜਾਂ ਨਿੰਦਿਆ, ਆਪਣੇ ਪਾਠਕਾਂ ਤੇ ਛੱਡ ਦਿੱਤਾ। ਬੇਸ਼ੱਕ ਅਜਿਹੇ ਫ਼ੈਸਲੇ ਦੇਣ ਲਈ ਉਨ੍ਹਾਂ ਨੂੰ ਸ਼ਰ੍ਹਾ ਦੇ ਨਿਯਮਾਂ ਨੂੰ ਵਰਤਣਾ ਜ਼ਰੂਰੀ ਸੀ।

ਬਾਈਬਲ ਦੇ ਵਿਦਿਆਰਥੀਆਂ ਨੂੰ ਇਹ ਨਹੀਂ ਮੰਨ ਲੈਣਾ ਚਾਹੀਦਾ ਕਿ ਖ਼ੁਦਾ ਵੱਲੋਂ ਮੰਜ਼ੂਰ ਲੋਕਾਂ ਦਾ ਹਰ ਕੰਮ ਖ਼ੁਦਾ ਨੂੰ ਮੰਜ਼ੂਰ ਹੈ। ਨੂਹ, ਅਬਰਾਹਾਮ, ਮੂਸਾ, ਸਮਸੂਨ ਅਤੇ ਹਿਜ਼ਕਿਯਾਹ ਨੇ ਪਾਪ ਕੀਤਾ। ਯਿਫ਼ਤਾਹ ਵੱਲੋਂ ਉਸ ਦੇ ਸਾਹਮਣੇ ਆਉਣ ਵਾਲੀ ਪਹਿਲੀ ਕਿਸੇ ਵੀ ਚੀਜ਼ ਨੂੰ ਖ਼ੁਦਾ ਦੇ ਅੱਗੇ ਚੜ੍ਹਾਉਣ ਦੀ ਮੰਨਤ ਦਾ ਮੰਨਣਾ ਕੋਈ ਵਧੀਆ ਗੱਲ ਨਹੀਂ ਸੀ। ਇਸ ਕਰਕੇ ਅਸੀਂ ਇਹ ਨਾ ਮੰਨ ਲਈਏ ਕਿ ਅਸਤਰ ਅਤੇ ਮਾਰਦਕਈ ਵੱਲੋਂ ਕੀਤਾ ਗਿਆ ਹਰ ਕੰਮ ਖ਼ੁਦਾ ਨੂੰ ਇਸ ਕਰਕੇ ਮੰਜ਼ੂਰ ਸੀ ਕਿ ਉਸ ਵੱਲੋਂ ਉਨ੍ਹਾਂ ਨੂੰ ਆਪਣੇ ਲੋਕਾਂ ਨੂੰ ਬਚਾਉਣ ਲਈ ਵਰਤਿਆ ਗਿਆ ਸੀ।

ਅਸਤਰ ਦੀ ਕਿਤਾਬ ਦੀ ਵਿਆਖਿਆ ਕਰਦਿਆਂ ਸਾਨੂੰ ਦੋ ਸਵਾਲਾਂ ਦਾ ਜਵਾਬ ਲੱਭਣਾ ਚਾਹੀਦਾ ਹੈਃ (1) ਕਹਾਣੀ ਵਿਚ ਖ਼ੁਦਾ ਕੀ ਕਰ ਰਿਹਾ ਸੀ? (2) ਕਹਾਣੀ ਦੱਸ ਕੇ ਖ਼ੁਦਾ ਨੂੰ ਕੀ ਹਾਸਿਲ ਕਰਨ ਦੀ ਉਮੀਦ ਸੀ? ਅਸੀਂ ਇਹ ਪੱਕਾ ਕਹਿ ਸਕਦੇ ਹਾਂ ਕਿ ਖ਼ੁਦਾ ਨੇ ਕਿਤਾਬ ਨੂੰ ਪਹਿਲਾਂ ਪੜ੍ਹਨ ਵਾਲਿਆਂ ਨੂੰ ਖ਼ੂਬਸੂਰਤੀ ਦੇ ਮੁਕਾਬਲੇ ਵਿਚ ਹਿੱਸਾ ਲੈਣਾ ਜਾਂ ਆਪਣੇ ਦੁਸ਼ਮਣਾਂ ਨੂੰ ਮਾਰ ਸੁੱਟਣਾ ਲਈ ਸਿਖਾਉਣ ਦਾ ਇਰਾਦਾ ਨਹੀਂ ਸੀ।

## ਸ਼ੈਲੀ

### ਇਤਹਾਸਕ ਅੰਦਾਜ਼

ਅਸਤਰ ਦੀ ਕਿਤਾਬ ਨੂੰ ਸਮਝਣ ਦੀਆਂ ਵਿਦਵਾਨਾਂ ਦੀਆਂ ਕੋਸ਼ਿਸ਼ਾਂ ਵਿਚ ਉਨ੍ਹਾਂ ਨੇ ਇਸ ਨੂੰ ਕਈ ਇਤਹਾਸਕ ਸ਼੍ਰੇਣੀਆਂ ਵਿਚ ਰੱਖਿਆ ਹੈ। ਸਿੱਧਾ ਵਰਗੀਕਰਣ, ''ਫ਼ਾਰਸੀ ਇਤਹਾਸ,'' ''ਬੁੱਧ ਦਾ ਇਤਹਾਸੀਕਰਣ,'' ''ਪੂਰਬੀ ਕਹਾਣੀ,'' ''ਦਰਬਾਰੀ ਝਗੜੇ ਦੀ ਕਹਾਣੀ,'' ''ਦਰਬਾਰੀ ਲੋਕਕਥਾ,'' ਇਤਹਾਸਕ ''ਛੋਟਾ ਨਾਵਲ,'' ''*ਯਹੂਦੀ ਬਿਖਰਾਅ ਦਾ ਛੋਟਾ ਨਾਮ,*'' ''ਬਿਖਰਾਅ,'' ''ਦਾਅਵਤੀ

ਲੋਕਕਥਾ,'' ''ਮਿਥ ਦਾ ਇਤਹਾਸੀਕਰਣ,'' ''ਲੋਕ ਗਾਥਾ'' ਅਤੇ ''ਪ੍ਰੇਮ ਕਥਾ'' ਦੇ ਰੂਪ ਵਿਚ ਕੀਤਾ ਗਿਆ ਹੈ। ਤਿਮੋਥੀ ਐੱਸ. ਲੇਨਿਆਕ ਦਾ ਕਹਿਣਾ ਹੈ ਕਿ ਇਸ ਨੂੰ ''ਪਰਬ ਦੇ ਕਾਰਵਵਾਦ (ਭਾਵ ਪੂਰੀਮ ਦੇ ਸ਼ੁਰੂ ਹੋਣ ਦੀ ਵਿਆਖਿਆ) ਜਿਸ ਵਿਚ ਝਗੜੇ ਦੀ ਕਹਾਣੀ ਦਾ ਪੈਟਰਨ ਵਰਤਿਆ ਗਿਆ ਹੈ'' ਦੇ ਰੂਪ ਵਿਚ ਵੇਖਿਆ ਜਾਣਾ ਚਾਹੀਦਾ ਹੈ।[16] ਪਰ ਬਾਅਦ ਵਿਚ ਓਸੇ ਆਦਮੀ ਨੇ ਕਿਹਾ, ''ਅਸਤਰ ਦਾ ਲੇਖਕ ਪੱਕਾ ਕਿਤਾਬ ਨੂੰ ਇਤਹਾਸ ਦੇ ਰੂਪ ਵਿਚ ਪੜ੍ਹਾਉਣ ਦਾ ਚਾਹਵਾਨ ਹੈ।''[17] ਇਹ ਗੱਲ ਹੈ, ਇਸ ਕਰਕੇ ਅਸੀਂ ਕਿਤਾਬ ਨੂੰ ਕਲਾਤਮਕ ਤੌਰ ਤੇ ਲਿਖੀ ਗਈ, ਪਰ ਇਤਹਾਸ ਮੰਨਾਂਗੇ।

**ਸਾਹਿਤਕ ਵਿਸ਼ੇਸ਼ਤਾਵਾਂ**

ਸਾਹਿਤਕ ਪੁਸਤਕ ਹੋਣ ਦੇ ਨਾਤੇ ਅਸਤਰ ਇਕ ਦਿਲਚਸਪ ਬਲਕਿ ਮਨੋਰੰਜਕ ਵਿਰਤਾਂਤ ਹੈ। ਇਸ ਲੇਖਣੀ ਵਿਚ ਸਾਹਿਤਕ ਤਕਨੀਕਾਂ ਦੀ ਭਰਮਾਰ ਹੈ। ਉਨ੍ਹਾਂ ਵਿੱਚੋਂ ਕੁਝ ਇਹ ਹਨ:

*ਪਰਛਾਵਾਂ ਪਾਉਣਾ।* ਮਾਰਦਕਈ ਬਾਦਸ਼ਾਹ ਦੀ ਜਾਨ ਬਚਾਉਂਦਾ ਹੈ। ਇਹ ਭਾਵੇਂ ਕਿਤਾਬ ਦੇ ਸ਼ੁਰੂ ਵਿਚ ਲਿਖ ਦਿੱਤਾ ਗਿਆ, ਪਰ ਇਸ ਦਾ ਮਹੱਤਵ ਕਹਾਣੀ ਵਿਚ ਬਾਅਦ ਵਿਚ ਮਿਲਦਾ ਹੈ।

*ਸੁਵਿਕਸਿਤ ਪਾਤਰ।* ਜਦ ਅਸੀਂ ਮਾਰਦਕਈ ਅਤੇ ਹਾਮਾਨ ਬਾਰੇ ਪੜ੍ਹਦੇ ਹਾਂ, ਤਾਂ ਉਨ੍ਹਾਂ ਦੇ ਵਿਹਾਰ ਦਾ ਅਸਰ ਸਾਡੇ ਉੱਤੇ ਹੁੰਦਾ ਹੈ। ਅਸੀਂ ਉਨ੍ਹਾਂ ਨੂੰ ਯਾਦ ਕਰਦੇ ਹਾਂ।

*''ਸਿੰਡ੍ਰੇਲਾ'' ਵਾਲੀ ਕਹਾਣੀ।* ਇਕ ਯਤੀਮ ਕੁੜੀ ਸ਼ਕਤੀਸ਼ਾਲੀ ਫ਼ਾਰਸੀ ਸਲਤਨਤ ਦੀ ਰਾਣੀ ਬਣ ਜਾਂਦੀ ਹੈ।

*ਸਸਪੈਂਸ।* ਅਸਤਰ ਬਾਦਸ਼ਾਹ ਕੋਲ ਜਾਣ ਦਾ ਫ਼ੈਸਲਾ ਲੈ ਲਵੇਗੀ ਭਾਵੇਂ ਇਹ ਉਹਦੀ ਮੌਤ ਦਾ ਕਾਰਣ ਬਣ ਜਾਵੇ? ਜੇ ਉਹ ਜਾ ਕੇ ਬੋਲਣ ਦੀ ਹਿੰਮਤ ਕਰਦੀ ਹੈ, ਤਾਂ ਕੀ ਉਹ ਯਹੂਦੀਆਂ ਨੂੰ ਬਚਾਉਣ ਲਈ ਮੰਨ ਜਾਵੇਗਾ?

*ਵਿਡੰਬਨਾ ਦੇ ਰਾਹੀਂ ਹਾਸਿਲ ਕੀਤਾ ਹਾਸ।* ਹਾਮਾਨ ਨੂੰ ਮਾਰਦਕਈ ਭਾਵ ਉਸ ਵਿਅਕਤੀ ਨੂੰ ਜਿਸ ਤੋਂ ਉਹ ਨੂੰ ਦੁਨੀਆਂ ਦੀ ਕਿਸੇ ਵੀ ਹੋਰ ਚੀਜ਼ ਨਾਲੋਂ ਵੱਧ ਨਫ਼ਰਤ ਹੈ, ਸ਼ਹਿਰ ਵਿੱਚੋਂ ਦੀ ਘੁਮਾਉਣਾ ਪੈਂਦਾ ਹੈ, ਜਿਸ ਵਿਚ ਮਾਰਦਕਈ ਬਾਦਸ਼ਾਹ ਦੇ ਘੋੜੇ ਤੇ ਸਵਾਰ ਹੈ ਅਤੇ ਹਾਮਾਨ ਉਸ ਦੀ ਜੈ ਜੈ ਕਾਰ ਕਰਦਾ ਹੋਇਆ ਜਾ ਰਿਹਾ ਹੈ।

*ਜੇਤੂ ਨਾਇਕ ਅਤੇ ਹਾਰੇ ਹੋਏ ਖਲਨਾਇਕ।* ''ਚੰਗੇ ਲੋਕਾਂ,'' ਭਾਵ ਮੁੱਖ ਪਾਤਰਾਂ (ਮਾਰਦਕਈ ਅਤੇ ਅਸਤਰ ਦੀ ਨੁਮਾਇੰਦਗੀ ਵਿਚ ਯਹੂਦੀਆਂ) ਅਤੇ ''ਬੁਰੇ ਲੋਕਾਂ'' ਖਲਨਾਇਕਾਂ (ਯਹੂਦੀਆਂ ਦੇ ਦੁਸ਼ਮਣਾਂ) ਜਿਨ੍ਹਾਂ ਦੀ ਨੁਮਾਇੰਦਗੀ ਹਾਮਾਨ ਕਰਦਾ ਹੈ ਵਿਚਕਾਰ ਫ਼ਰਕ ਸਾਫ਼ ਮਿਲਦਾ ਹੈ। ਅਖ਼ੀਰ ਵਿਚ ਯਹੂਦੀਆਂ ਦੇ ਦੁਸ਼ਮਣਾਂ ਦੀ ਹਾਰ ਹੁੰਦੀ ਹੈ, ਜਦ ਕਿ ਯਹੂਦੀ ਵਧਦੇ ਫੁਲਦੇ ਹਨ।

*ਛੰਦਬੰਧ ਫ਼ੈਸਲਾ।* ਹਾਮਾਨ ਨੂੰ ਓਸੇ ਸੂਲੀ ਉੱਤੇ ਟੰਗ ਦਿੱਤਾ ਜਾਂਦਾ ਹੈ ਜਿਹੜੀ ਉਹ ਨੇ ਮਾਰਦਕਈ ਲਈ ਬਣਾਈ ਸੀ।

ਬਾਈਬਲ ਨੂੰ ਖ਼ੁਦਾ ਦੀ ਪ੍ਰੇਰਣਾ ਨਾਲ ਦਿੱਤੇ ਹੋਏ ਹੋਣ ਵਿਚ ਵਿਸ਼ਵਾਸ ਰੱਖਣ ਵਾਲਿਆਂ ਨੂੰ ਅਸਤਰ ਦੀ ਸਾਹਿਤਕ ਕਾਰੀਗਰੀ ਨੂੰ ਕੀ ਮੰਨਣਾ ਚਾਹੀਦਾ ਹੈ? ਜੇ ਅਸੀਂ ਆਖੀਏ ਕਿ ਕੋਈ ਚੀਜ਼ ਕਲਾਤਮਕ ਢੰਗ ਨਾਲ ਲਿਖੀ ਗਈ ਹੈ ਅਤੇ ਉਸ ਵਿਚ ਸਾਹਿਤਕ ਤਰੀਕਿਆਂ ਦੀ ਵਰਤੋਂ ਕੀਤੀ ਗਈ ਹੈ, ਤਾਂ ਕੀ ਅਸੀਂ ਇਸ ਤਰ੍ਹਾਂ ਕਰਕੇ ਇਸ ਦੀ ਪ੍ਰਮਾਣਿਕਤਾ ਜਾਂ ਇਲਹਾਮ ਉੱਤੇ ਸਵਾਲ ਉਠਾਉਂਦੇ ਹਾਂ? ਜ਼ਰੂਰੀ ਨਹੀਂ ਹੈ।

ਨਵੇਂ ਨੇਮ ਵਿਚ ਸਾਡੇ ਕੋਲ ਵਧੀਆ ਸਿੱਖਿਆਵਾਂ ਦੇ ਨਾਲ ਨਾਲ ਵਿਧੀਆ ਸਾਹਿਤਯਕ ਵੀ ਹੈ (1 ਕੁਰਿੰਥੀਆਂ 13)। ਦ੍ਰਿਸ਼ਟਾਂਤ ਸਾਹਿਤਕ ਕਾਰੀਗਰੀ ਨੂੰ ਵਰਤਦਿਆਂ, ਪ੍ਰਭਾਵਸ਼ਾਲੀ ਢੰਗ ਨਾਲ ਦੱਸੀਆ ਗਈਆਂ ਕਹਾਣੀਆਂ ਹਨ। ਉਵੇਂ ਹੀ ਪੁਰਾਣੇ ਨੇਮ ਵਿਚ ਬਹੁਤ ਸਾਰੀਆਂ ਕਹਾਣੀਆਂ ਇਸ ਢੰਗ ਨਾਲ ਲਿਖੀਆਂ ਗਈਆਂ ਹਨ ਕਿ ਉਹ ਆਪਣੇ ਸੁਣਨ ਵਾਲਿਆਂ ਅਤੇ ਪਾਠਕਾਂ ਲਈ ਦਿਲਚਸਪ ਹੋ ਜਾਂਦੀਆਂ ਹਨ। ਇਹਦਾ ਮਤਲਬ ਇਹ ਹੋਇਆ ਕਿ ਆਮ ਅਰਥ ਵਿਚ ਅਸੀਂ ਆਖ ਸਕਦੇ ਹਾਂ ਕਿ ਖ਼ੁਦਾ ਦੀ ਪ੍ਰੇਰਣਾ ਇਸ ਸੰਭਾਵਨਾ ਨੂੰ ਪਰੇ ਨਹੀਂ ਕਰ ਦਿੰਦੀ ਕਿ ਇਲਹਾਮ ਪ੍ਰਾਪਤ ਵਿਅਕਤੀ ਵੱਲੋਂ ਲਿਖਿਆ ਗਿਆ ਸਾਹਿਤ ਸ਼ਾਨਦਾਰ ਸਾਹਿਤ ਵੀ ਹੋ ਸਕਦਾ ਹੈ।

ਅਸਤਰ ਦੀਆਂ ਗੱਲਾਂ ਦਾ ਸਭ ਨੂੰ ਪਤਾ ਹੋ ਸਕਦਾ ਹੈ, ਪਰ ਸਸਪੈਂਸ, ਵਿਡੰਬਨਾ, ਹਾਸ ਅਤੇ ਹੋਰ ਗੱਲਾਂ ਜੋੜਦੇ ਜਾਂ ਕੱਢਦੇ ਹੋਏ ਉਨ੍ਹਾਂ ਤੱਥਾਂ ਨੂੰ ਇਕੱਠੇ ਕਰਨਾ ਲੇਖਕ ਦਾ ਜ਼ਿੰਮਾ ਸੀ। ਅਸਤਰ ਦੇ ਲੇਖਕ ਨੇ ਕਹਾਣੀ ਨੂੰ ਦਿਲਚਸਪ ਬਣਾਇਆ, ਜਦ ਕਿ ਕੋਈ ਹੋਰ ਲੇਖਕ ਹੋ ਸਕਦਾ ਹੈ ਕਿ ਅਜਿਹਾ ਨਾ ਕਰ ਸਕਦਾ। ਉਹੀ ਗੱਲਾਂ, ਉਹੀ ਲੋਕ ਸਚਿਆਈ ਨੂੰ ਬਦਲੇ ਬਿਨਾਂ ਕਿਸੇ ਘਟਨਾ ਨੂੰ ਇਕ ਸ਼ਾਨਦਾਰ ਕਹਾਣੀ ਬਣਾ ਸਕਦੇ ਹਨ, ਪਰ ਦੂਸਰੇ ਲੋਕ ਨਹੀਂ। ਵਧੀਆ ਸਾਹਿਤ ਦੀ ਇਲਹਾਮ ਨਾਲ ਦਿੱਤੀ ਕਿਤਾਬ ਨੂੰ ਬਣਾਉਣ ਲਈ ਖ਼ੁਦਾ ਨੇ ਇਕ ਲਾਇਕ ਲੇਖਕ ਨੂੰ ਵਰਤਿਆ।

## ਸਵਾਲ

**''ਭਲਾ ਇਹ ਇਤਹਾਸਕ ਤੌਰ ਤੇ ਸਹੀ ਹੈ?''**

ਕਿਤਾਬ ਦੀ ਇਤਹਾਸਕਤਾ ਦਾ ਬਚਾਅ ਭਾਵੇਂ ਕੀਤਾ ਗਿਆ ਹੈ,[18] ਪਰ ਕੁਝ ਵਿਦਵਾਨਾਂ ਨੇ ਕਿਤਾਬ ਨੂੰ ਪੂਰੀਮ ਦੇ ਪਰਬ ਦੇ ਵਜੂਦ ਦੀ ਵਿਆਖਿਆ ਦੇਣ ਲਈ ਬਣਾਏ ਗਲਪ[19] ਦਾ ਨਾਂਅ ਦੇ ਕੇ ਇਸ ਉੱਤੇ ਸਵਾਲ ਉਠਾਇਆ ਹੈ। ਹੋਰਨਾਂ ਨੇ ਇਸ ਨੂੰ ਕੁਝ ਕੁਝ ਤੱਥ, ਕੁਝ ਕੁਝ ਗਲਪ ਕਿਹਾ ਹੈ, ਜੋ ਸੱਚੀ ਘਟਨਾ ਤੇ ਅਧਾਰਿਤ ਤਾਂ ਹੈ ਪਜ ਲੇਖਕ ਵੱਲੋਂ ਬਾਅਦ ਵਿਚ ਇਸ ਨੂੰ ਮਿਰਚ ਮਸਾਲਾ ਲਾਇਆ ਗਿਆ। ਆਰ. ਕੇ. ਹੈਰਿਸਨ ਨੇ ਇਹ ਵਿਚਾਰ ਦਿੱਤਾ ਹੈ, ਜੋ ਕਈ ਰੂੜੀਵਾਦੀ ਵਿਦਵਾਨਾਂ ਦਾ ਹੈ:

> ... ਕਿਤਾਬ ਵਿਚ ਠੋਸ ਇਤਹਾਸਕ ਕੇਂਦਰ ਦਿੱਤੇ ਜਾਣ ਦੇ ਵਧੀਆ ਕਾਰਣ ਹਨ। ਇਹ ਸੰਭਾਵਨਾਂ ਦੇ ਦਾਇਦੇ ਦੇ ਅੰਦਰ ਹੈ ਕਿ ਲੇਖਕ ਨੇ ਆਪਣੀ ਨਾਇਕਾ ਨੂੰ ਆਦਰਸ਼ ਰੂਪ ਵਿਚ ਪੇਸ਼ ਕੀਤਾ ਅਤੇ ਆਪਣੇ ਵਿਰਤਾਂਤ ਨੂੰ ਢੁਕਵਾ ਚਰਮ ਦੇਣ ਲਈ ਉਸ ਨੇ ਕੁਝ ਸਾਹਿਤਕ ਤਰੀਕਿਆਂ ਅਤੇ ਮਿਰਚ ਮਸਾਲੇ ਦੀ ਵਰਤੋਂ ਕੀਤੀ ਜੋ ਕਲਪਨਾ ਅਤੇ ਕਿਸੇ ਵੀ ਕਲਪਨਾਸ਼ੀਲ ਲੇਖਕ ਅਤੇ ਸਾਹਿਤਕ ਹੁਨਰ ਨਾਲ ਮੇਲ ਖਾਂਦਾ ਹੋਵੇ। ਪਰ ... ਇਹ ਮੰਨਣ ਵਿਚ ਕੋਈ ਮੁਸ਼ਕਿਲ ਨਹੀਂ ਹੈ ਕਿ ਅਹਸ਼ਵੇਰੋਸ਼ ਦੀ ਹਕੂਮਤ ਵਾਂਗ ਦੂਜੀ ਪਤਨੀ ਦੇ ਰੁਤਬੇ ਵਾਲੀ ਔਰਤ ਨੂੰ ਕਿਸੇ ਆਫ਼ਤ ਨੂੰ ਟਾਲਣ ਦਾ ਮਾਧਿਅਮ ਬਣਾਇਆ ਗਿਆ ਜੋ ਘੱਟੋ-ਘੱਟ ਉਸ ਦੇ ਕੁਝ ਹਮਵਤਨਾਂ ਲਈ ਖ਼ਤਰਾ ਸੀ ਅਤੇ ਇਹ ਕਿ ਕਿਤਾਬ ਦਾ ਮੌਜੂਦਾ ਵਿਰਤਾਂਤ ਇਸੇ ਬੁਨਿਆਦ ਤੇ ਬਣਿਆ ਸੀ।[20]

ਫਿਰ ਵੀ ਕਿਤਾਬ ਦੀ ਪੂਰੀ ਇਤਹਾਸਕਤਾ ਦੇ ਬਚਾਅ ਵਿਚ ਕਈ ਦਲੀਲਾਂ ਦਿੱਤੀਆਂ ਜਾ ਸਕਦੀਆਂ ਹਨ।

1. ਕਿਸੇ ਘਟਨਾ ਦੇ ਸੰਭਵ ਨਾ ਲੱਗਣਾ ਇਹ ਸਾਬਿਤ ਨਹੀਂ ਕਰਦਾ ਕਿ ਉਹ ਵਾਪਰੀ ਨਹੀਂ। ਸਾਡੀਆਂ ਆਪਣੀਆ ਜ਼ਿੰਦਗੀਆਂ ਵਿਚ, ਆਮ ਤੌਰ ਤੇ ਅਜਿਹੀਆਂ ਘਟਨਾਵਾਂ ਵਾਪਰਦੀਆਂ ਹਨ ਜਿਨ੍ਹਾਂ ਦੀ ਸੰਭਾਵਨਾ ਨਹੀਂ ਹੁੰਦੀ। ਜਿਹੜੇ ਲੋਕ ਇਹ ਮੰਨਦੇ ਸਨ ਕਿ ਖ਼ੁਦਾ ਇਤਿਹਾਸ ਵਿਚ ਕੰਮ ਕਰਦਾ ਹੈ ਉਹ ਇਸ ਗੱਲ ਨੂੰ ਸਮਝਦੇ ਹਨ ਕਿ ਉਹ ਨਾਮੁਮਕਿਨ ਲੱਗਣ ਵਾਲੀ ਗੱਲ ਨੂੰ ਮੁਮਕਿਨ ਬਣਾਉਣ

ਲਈ ਰੱਬੀ ਇੰਤਜ਼ਾਮ ਕਰ ਸਕਦਾ ਹੈ।

2. ਇਹ ਤੱਥ ਕਿ ਕਿਤਾਬ ਵਿਚਲੀਆਂ ਘਟਨਾਵਾਂ ਨੂੰ ਦੁਨਿਆਵੀ ਇਤਹਾਸਕਾਰਾਂ ਨੇ ਨਹੀਂ ਲਿਖਿਆ, ਇਹ ਸਾਬਿਤ ਨਹੀਂ ਕਰਦਾ ਕਿ ਉਹ ਵਾਪਰੀਆਂ ਹੀ ਨਹੀਂ। ਆਧੁਨਿਕ ਇਤਹਾਸਕਾਰਾਂ ਵਾਂਗ, ਪ੍ਰਾਚੀਨਕਾਲ ਦੇ ਇਤਹਾਸਕਾਰ, ਵਾਪਰਣ ਵਾਲੀ ਹਰ ਚੀਜ਼ ਨੂੰ ਨਹੀਂ ਵਿਖਦੇ ਸਨ, ਨਾ ਹੀ ਉਨ੍ਹਾਂ ਦੇ ਵਿਰਤਾਂਤ ਹਮੇਸ਼ਾ ਦਰੁੱਸਤ ਹੁੰਦੇ ਹਨ।

3. ਸਾਰੇ ਵਿਦਵਾਨ ਇਹ ਮੰਨਦੇ ਹਨ ਕਿ ਕਿਤਾਬ ਬਿਲਕੁਲ ਸਹੀ ਅਹਸ਼ਵੇਰੋਸ਼ ਦੇ ਸ਼ਾਸ਼ਨਕਾਲ ਵਿਚ ਫ਼ਾਰਸੀ ਦਰਬਾਰ ਵਿਚਲੀ ਜ਼ਿੰਦਗੀ ਨੂੰ ਵਿਖਾਉਂਦੀ ਹੈ। ਐੱਫ਼. ਬੀ. ਹੁਏ, ਜੂਨੀਅਰ, ਨੇ ਕਿਹਾ ਕਿ ਅਸਤਰ ਦਾ ਸ਼ੁਰੂਆਤੀ ਸਮਾਂ ਕਈ ''ਫ਼ਾਰਸੀ ਨਾਵਾਂ ਅਤੇ ਉਧਾਰ ਦੇ ਸ਼ਬਦਾਂ'' ਅਤੇ ''ਫ਼ਾਰਸੀ ਰੀਤਾਂ ਅਤੇ ਸ਼ੂਸ਼ਨ ਦੇ ਫ਼ਾਰਸੀ ਸ਼ਾਹੀ ਮਹਿਲਾਂ ਦੇ ਮਾਨਚਿੱਤਰ ਦੇ ਲੇਖਕ ਦੇ ਡੂੰਘੇ ਗਿਆਨ ਤੋਂ ਸੁਝਾਇਆ ਗਿਆ ਹੈ।''[21]

4. ਇਹ ਸੰਭਾਵਨਾ ਬਹੁਤੀ ਹੈ ਕਿ ਅਸਤਰ ਵਿਚਲੀ ਕਹਾਣੀ ਇਸ ਨਾਲੋਂ ਵਧ ਕੇ ਕਿ ਪੂਰੀਮ ਦੇ ਪਰਬ ਦੇ ਅਰੰਭ ਦਾ ਪਤਾ ਨਹੀਂ ਸੀ ਅਤੇ ਅਸਤਰ ਦੀ ਕਹਾਣੀ ਇਸ ਨੂੰ ਸਮਝਾਉਣ ਲਈ ਘੜੀ ਗਈ, ਪੂਰੀਮ ਦੇ ਦਸਤਾਵੇਜ਼ ਨੂੰ ਲਿਖਣ ਲਈ ਦੱਸੀ ਗਈ। ਯਹੂਦੀਆਂ ਦੇ ਪੂਰੀਮ ਦਾ ਪਰਬ ਮਨਾਉਣਾ ਅਸਤਰ ਵਿਚ ਦੱਸੀ ਕਹਾਣੀ ਦੀ ਪ੍ਰਮਾਣਿਕਤਾ ਦੀ ਦਲੀਲ ਦਿੰਦਾ ਹੈ।

5. ਕਹਾਣੀ ਦੇ ਅਣਇਤਹਾਸਕ ਲੱਗਣ ਵਾਲੇ ਪਹਿਲੂਆਂ ਨੂੰ ਆਮ ਤੌਰ ਤੇ ਬੜੀ ਅਸਾਨੀ ਨਾਲ ਸਮਝਾਇਆ ਜਾ ਸਕਦਾ ਹੈ। ਸਾਫ਼ ਨਜ਼ਰ ਆਉਣ ਵਾਲੀਆਂ ਮੁਸ਼ਕਿਲਾਂ ਸੰਭਵ ਨਾਟਕੀ ਰੂਪਾਂਤਰ ਦਾ ਕਾਰਣ ਹੋ ਸਕਦੀਆਂ ਹਨ।

ਇਤਹਾਸਕ ਚੁਣੌਤੀਆਂ ਦੀ ਉਦਾਹਰਣ ਦੇ ਤੌਰ ਤੇ ਅਸੀਂ ਅਹਸ਼ਵੇਰੋਸ਼ ਦੀਆਂ ਪਤਨੀਆਂ ਦੇ ਨਾਂਵਾਂ ਤੇ ਵੀ ਵਿਚਾਰ ਕਰ ਸਕਦੇ ਹਾਂ। ਵਸ਼ਤੀ ਜਾਂ ਅਸਤਰ ਦੇ ਰਾਣੀ ਹੋਣ ਦੀ ਗੱਲ ਫ਼ਾਰਸੀ ਦਰਬਾਰ ਦੇ ਹੋਰ ਕਿਸੇ ਵਿਰਤਾਂਤ ਵਿਚ ਨਹੀਂ ਹੈ। ਯੂਨਾਨੀ ਇਤਹਾਸਕਾਰ ਹੇਰੋਦੋਟਸ (484–425 ਈ.ਪੂ.) ਵੱਲੋਂ ਅਹਸ਼ਵੇਰੋਸ਼ ਦੀ ਇੱਕੋ ਇਕ ਰਾਣੀ ਓਟੇਨਸ ਦੀ ਧੀ ਅਮੇਸਟ੍ਰਿਸ[22] ਸੀ। ਉਸ ਨੂੰ ਬੇਹੱਦ ਜ਼ਾਲਿਮ ਅਤੇ ਖੁਣਸੀ ਔਰਤ ਦੇ ਰੂਪ ਵਿਚ ਵਿਖਾਇਆ ਗਿਆ ਹੈ;[23] ਅਤੇ ਕਿਤਾਬ ਵਿਚ ਮਿਲਣ ਵਾਲੀ ਜਾਣਕਾਰੀ ਦੇ ਅਧਾਰ ਤੇ ਅਸੀਂ ਵਸ਼ਤੀ ਜਾਂ ਅਸਤਰ ਨੂੰ ਉਹਦੇ ਵਰਗੀਆਂ ਦੱਸਣ ਵਿਚ ਝਕ ਸਕਦੇ ਹਾਂ। ਫਿਰ ਵੀ ਹੋ ਸਕਦਾ ਹੈ ਕਿ ''ਵਸ਼ਤੀ'' ਫ਼ਾਰਸੀ ਰਾਣੀ ਅਮੇਸਟ੍ਰਿਸ ਦਾ ਹੀ ਦੂਜਾ ਨਾਂਅ ਹੋਵੇ।[24] ਇਕ ਸੰਭਾਵਨਾ ਇਹ ਹੈ ਕਿ ਅਹਸ਼ਰੇਰੋਸ਼ ਦੇ ਹਰਮ ਵਿਚ ਇਕ ਤੋਂ ਵਧ ਰਾਣੀਆਂ ਸਨ, ਭਾਵੇਂ ਹੇਰੋਦੋਤਸ ਨੇ ਸਿਰਫ਼ ਇੱਕੋ ਦਾ ਨਾਂਅ ਦਿੱਤਾ ਹੈ।[25]

### ''ਇਸ ਦੇ ਕੈਨਨ ਦਾ ਹਿੱਸਾ ਹੋਣ ਬਾਰੇ ਕੀ ਕਹਿਣਾ ਹੈ?''

ਕਿਤਾਬ ਦੇ ਕੈਨਨ ਤੇ ਭਾਵ ਇਸ ਗੱਲ ਤੇ ਸਵਾਲ ਉੱਠੇ ਹਨ ਕਿ ਇਹ ਮੁਨਾਸਿਬ ਤੌਰ ਤੇ ਪੁਰਾਣੇ ਨੇਮ ਦੇ ਕੈਨਨ (ਇਲਹਾਮ ਨਾਲ ਮਿਲੀਆਂ ਕਿਤਾਬਾਂ) ਵਿਚ ਹੈ ਜਾਂ ਨਹੀਂ। ਕੁਝ ਯਹੂਦੀਆਂ ਨੇ ਇਸ ਉੱਤੇ ਸਵਾਲ ਉਠਾਇਆ ਹੈ। ਇਹ ਕਿਤਾਬ ਖਾਰੇ ਸਮੁੰਦਰ ਦੇ ਪੱਤਰਿਆਂ ਵਿਚ ਨਹੀਂ ਮਿਲੀ ਹੈ, ਇਹ ਅਜਿਹਾ ਤੱਥ ਹੈ ਜੋ ਸਿਰਫ਼ ਇਹ ਸੁਝਾਅ ਦੇ ਸਕਦਾ ਹੈ ਕਿ ਕੁਮਰਾਨ ਦਾ ਫ਼ਿਰਕਾ ਇਸ ਕਿਤਾਬ ਨੂੰ ਨਹੀਂ ਮੰਨਦਾ ਸੀ ਕਿਉਂ ਜੋ ਇਹ ਉਨ੍ਹਾਂ ਦੀ ਥਿਓਲੋਜੀ ਨਾਲ ਮੇਲ ਨਹੀਂ ਸੀ ਖਾਂਦੀ। ਪਰ ਪੂਰੀਮ ਦੇ ਪਰਬ ਦੇ ਮਨਾਏ ਜਾਣ ਸਮੇਂ ਇਸ ਗੱਲ ਦਾ ਕਾਫ਼ੀ ਸਬੂਤ ਹੈ ਕਿ ਕਾਫ਼ੀ ਪਹਿਲਾਂ ਤੋਂ ਯਹੂਦੀਆਂ ਦੀ ਵੱਡੀ ਗਿਣਤੀ ਵੱਲੋਂ ਪੁਰਾਣੇ ਨੇਮ ਵਿਚ ਇਸ ਨੂੰ ਕੈਨਨ ਦਾ ਹਿੱਸਾ ਮੰਨਿਆ ਜਾਂਦਾ ਸੀ।[26] ਹੁਏ ਨੇ ਕਿਹਾ, ''ਅਸਤਰ ਦੀ ਕਿਤਾਬ ਨੂੰ ਯਹੂਦੀਆਂ ਵੱਲੋਂ ਫੌਰੀ ਅਤੇ ਵਿਆਪਕ ਮੰਜ਼ੂਰੀ ਮਿਲਣੀ ਜ਼ਰੂਰੀ ਹੈ ਕਿਉਂ ਜੋ ਇਸ ਵਿਚ ਆਪਣੇ ਦੁਸ਼ਮਣਾਂ ਉੱਤੇ ਉਨ੍ਹਾਂ ਦੀਆਂ ਦੁਰਲਭ ਜਿੱਤਾਂ ਵਿੱਚੋਂ ਇਕ ਦਾ ਵਰਣਨ

ਹੈ।'' ਪਰ ਉਸ ਨੇ ਇਹ ਵੀ ਲਿਖਿਆ, ''ਨਾਲ ਹੀ, ਭਾਵੇਂ ਇਸ ਦੇ ਕੈਨਨ ਦਾ ਹਿੱਸਾ ਹੋਣ ਤੇ ਕਦੇ ਸ਼ੱਕ ਨਹੀਂ ਕੀਤਾ ਗਿਆ, ਪਰ ਇਸ ਦੇ ਖੁਣਸੀ ਸੁਭਾਅ ਅਤੇ ਧਾਰਮਿਕ ਅਤੇ ਇਖ਼ਲਾਕੀ ਸਿੱਖਿਆਵਾਂ ਦੀ ਕਮੀ ਕਰਕੇ ਵਿਚ ਕਿਤਾਬ ਦਾ ਵਿਚ ਵਿਰੋਧ ਵੀ ਹੁੰਦਾ ਸੀ।''[27]

**'' 'ਅਸਤਰ ਵਿਚ ਵਧਾਵਾਂ' ਬਾਰੇ ਕੀ ਵਿਚਾਰ ਹੈ?''**

ਸਾਡੀ ਬਾਈਬਲ ਵਿਚ ਅਸਤਰ ਦੀ ਕਿਤਾਬ ਨਾਲ ਜੁੜਿਆ ਇਕ ਹੋਰ ਮੁੱਦਾ ਹੈ, ਜਿਸ ਨੂੰ ਇਬਰਾਨੀ ਬਾਈਬਲ (ਮੇਜ਼ੋਰੀ ਟੈਕਸਟਸ [MT]) ਤੋਂ ਅਨੁਵਾਦ ਕੀਤਾ ਗਿਆ ਹੈ। ਮਸੀਹੀ/ਪ੍ਰੋਟੈਸਟੈਂਟ ਬਾਈਬਲਾਂ ਵਿਚ ਮਿਲਣ ਵਾਲੀ ਕਿਤਾਬ ਤੋਂ ਇਲਾਵਾ, ਅਪੋਕ੍ਰਿਫ਼ਾ ਵਿਚ ਉਹ ਸ਼ਾਮਿਲ ਹੈ ਜਿਸ ਨੂੰ ''ਅਸਤਰ ਵਿਚ ਵਧਾਅ'' ਕਿਹਾ ਜਾਂਦਾ ਹੈ। ਇਹ ਪੈਰ੍ਹੇ ਸਪਤਤੀ ਅਨੁਵਾਦ (LXX) ਵਿਚ ਤਾਂ ਮਿਲਦੇ ਹਨ ਪਰ MT ਵਿਚ ਨਹੀਂ ਹਨ।

ਅਸਤਰ ਦੇ ਵਧਾਅ ਕੁਝ ਲੋਕਾਂ ਵੱਲੋਂ ਕਿਤਾਬ ਵਿਚ ਜੋੜ ਦਿੱਤੇ ਗਏ ਜਿਨ੍ਹਾਂ ਦਾ ਇਹ ਮੰਨਣਾ ਸੀ ਕਿ ਅਸਤਰ ਐਨੀ ''ਧਾਰਮਿਕ'' ਨਹੀਂ ਹੈ, ਖ਼ਾਸ ਕਰਕੇ ਇਸ ਕਰਕੇ ਕਿ ਇਸ ਵਿਚ ਖ਼ੁਦਾ ਦਾ ਜ਼ਿਕਰ ਨਹੀਂ ਹੈ[28] ਜਾਂ ਯਹੂਦੀ ਧਾਰਮਿਕ ਰੀਤਾਂ ਦੀ ਗੱਲ ਨਹੀਂ ਹੈ।[29] ਕਈ ਥਾਂਵਾਂ ਤੇ ਕਿਤਾਬ ਨੂੰ ਧਰਮੀ ਯਹੂਦੀ ਪਾਠਕਾਂ ਲਈ ਹੋਰ ਖੁਸ਼ਗਵਾਰ ਬਣਾਉਣ ਲਈ ਇਹ ਵਧਾਅ ਇਸ ਕਾਲਪਨਿਕ ਕਮੀ ਨੂੰ ਪੂਰਾ ਕਰਨ ਦਾ ਕੰਮ ਕਰਦੇ ਹਨ। ਇਹ ਵਧਾਅ ਭਾਵੇਂ ਅਪੋਕ੍ਰਿਫ਼ਾ ਵਿਚ ਮਿਲਦੇ ਹਨ, ਅਤੇ ਇਸ ਕਰਕੇ ਇਹ ਕੈਥੋਲਿਕ ਬਾਈਬਲਾਂ ਵਿਚ ਪਾਏ ਜਾਂਦੇ ਹਨ, ਇਸ ਕਰਕੇ ਕੋਈ ਇਹ ਬਹਿਸ ਨਹੀਂ ਕਰਦਾ ਕਿ ਉਹ ਅਸਤਰ ਦੀ ਮੂਲ ਇਬਰਾਨੀ ਲਿਖਤ ਵਿਚ ਹੈ ਸਨ ਜਾਂ ਨਹੀਂ। ਮਾਰਕ ਮੈਂਗੇਨੋ ਦਾ ਕਹਿਣਾ ਹੈ ਕਿ 107 ਆਇਤਾਂ ਵਾਲੇ ਇਨ੍ਹਾਂ ਵਧਾਵਾਂ ''ਦਾ ਇਤਹਾਸਕ ਮਹੱਤਵ ਬਹੁਤ ਘੱਟ ਹੈ ਜਾਂ ਬਿਲਕੁਲ ਨਹੀਂ ਹੈ।''[30]

**''ਭਲਾ ਸਾਡੇ ਕੋਲ ਅਸਤਰ ਦੀ ਮੂਲ ਲਿਖਤ ਹੈ?''**

ਵਿਦਵਾਨ ਕਈ ਵਾਰ ਅਸਤਰ ਦੀ ਕਿਤਾਬ ਦੇ ਕਿਸੇ ਸੰਸਕਰਣ ਦੀ ਗੱਲ ਕਰਦੇ ਹਨ ਜਿਸ ਨੂੰ ''ਅਲਫ਼ਾ ਟੈਕਸਟ'' ਕਿਹਾ ਜਾਂਦਾ ਹੈ। ਮਾਈਕਲ ਵੀ. ਫ਼ੌਕਸ ਨੇ ਇਸਦਾ ਵਰਣਨ ਇਸ ਤਰ੍ਹਾਂ ਕੀਤਾ ਹੈਃ

> [ਅਲਫ਼ਾ ਟੈਕਸਟ] ਨੂੰ ਦਸਵੀਂ ਤੋਂ ਤੇਰ੍ਹਵੀਂ ਸਦੀ (ਮਸੀਹੀ ਯੁੱਗ) ਦੀਆਂ ਪੰਜ ਯੂਨਾਨੀ [ਹੱਥ ਲਿਖਤਾਂ] ਵਿਚ ਸੰਭਾਲਿਆ ਗਿਆ ਹੈ। ਬੁਨਿਆਦੀ ਤੌਰ ਤੇ ਇਸ ਵਿਚ [MT] ਵਾਲੀ ਕਹਾਣੀ ਹੀ ਹੈ, ਪਰ ਇਸ ਨਾਲੋਂ ਅਤੇ ਮੁੱਖ ਯੂਨਾਨੀ ਸੰਸਕਰਣ LXX ਨਾਲੋਂ ਕਈ ਗੱਲਾਂ ਵਿਚ ਫ਼ਰਕ ਹੈ, ਜਿਸ ਨੂੰ ਆਮ ਤੌਰ ਤੇ ਦੁਹਰਾਅ ਮੰਨਿਆ ਜਾਂਦਾ ਸੀ।[31]

ਕੁਝ ਵਿਦਵਾਨਾਂ ਦਾ ਮੰਨਣਾ ਹੈ ਕਿ ਅਲਫ਼ਾ ਟੈਕਸਟ ਅਸਤਰ ਦੇ LXX ਦਾ ਦੁਹਰਾਅ ਹੋਣ ਦੀ ਥਾਂ MT ਵਿਚ ਮਿਲਣ ਵਾਲੀ ਅਸਤਰ ਦੀ ਇਬਰਾਨੀ ਕਿਤਾਬ ਨਾਲੋਂ ਪਹਿਲਾਂ ਦੇ ਇਬਰਾਨੀ ਸੰਸਕਰਣ ਉੱਤੇ ਅਧਾਰਿਤ ਇਕ ਨਿਰਪੱਖ ਵਿਰਤਾਂਤ ਸੀ। ਪਰ ਅਜਿਹਾ ਅਨੁਮਾਨ ਸਿਰਫ਼ ਵਿਦਾਵਨਾਂ ਦਾ ਅੰਦਾਜ਼ਾ ਹੀ ਹੈ। ਇਸ ਟੀਕਾ ਵਿਚ ਇਬਰਾਨੀ ਬਾਈਬਲ ਵਿਚ ਮਿਲਣ ਵਾਲੀ ਅਸਤਰ ਦੀ ਕਿਤਾਬ ਉੱਤੇ ਚਰਚਾ ਕੀਤੀ ਜਾਵੇਗੀ, ਜਿਸ ਨੂੰ ਮਸੀਹ ਤੋਂ ਪਹਿਲਾਂ ਦੇ ਯਹੂਦੀਆਂ ਵੱਲੋਂ ਖ਼ੁਦਾ ਦਾ ਇਖ਼ਤਿਆਰ ਵਾਲਾ ਵਚਨ ਮੰਨਿਆ ਜਾਂਦਾ ਸੀ।

## ਰੂਪਰੇਖਾ

ਕਿਤਾਬ ਇਕ ਅਜਿਹਾ ਵਿਰਤਾਂਤ ਹੈ ਜਿਹੜਾ ਛੋਟੇ ਨਾਵਲ ਦਾ ਰੂਪ ਲੈ ਲੈਂਦਾ ਹੈ। ਕਥਾਨਕ

ਵਿਚ ਇਸ ਦੀ ਰੂਪਰੇਖਾ ਹੈ। ਪਹਿਲੇ ਦੋ ਅਧਿਆਇ (ਜਿਹੜੇ ਆਪਣੇ ਆਪ ਵਿਚ ਇਕ ਰੋਮਾਂਚਕਾਰੀ ਕਹਾਣੀ ਦੱਸਦੇ ਹਨ) ਨਾਵਲ ਦੀ ਕਾਰਵਾਹੀ ਲਈ ਮੰਚ ਤਿਆਰ ਕਰਦੇ ਹਨ। ਅਧਿਆਇ 3 ਵਿਚ ਉਹ ਘਟਨਾ ਮਿਲਦੀ ਹੈ ਜਿਸ ਨਾਲ ਝਗੜਾ ਹੁੰਦਾ ਹੈ, ਜੋ ਕਹਾਣੀ ਵਿਚ ਵਾਪਰਣ ਵਾਲੀ ਹਰ ਦੂਜੀ ਗੱਲ ਦਾ ਕਾਰਣ ਬਣਦੀ ਹੈ। ਅਧਿਆਇ 4 ਤੋਂ 10 ਇਹ ਵਿਖਾਉਂਦੇ ਹਨ ਕਿ ਝਗੜੇ ਤੋਂ ਪੈਦਾ ਹੋਈ ਮੁਸ਼ਕਿਲ ਉਲਟੀ ਪਈ ਘਟਨਾ ਵਿਚ ਸ਼ਾਮਿਲ ਝਗੜਾ ਕਿਵੇਂ ਸੁਲਝਾਇਆ ਜਾਂਦਾ ਸੀ ਜਿਸ ਨਾਲ ਖ਼ੁਦਾ ਦੇ ਲੋਕਾਂ ਨੂੰ ਬਚਾਇਆ ਜਾਂਦਾ ਹੈ ਅਤੇ ਅਸਲ ਵਿਚ ਉਨ੍ਹਾਂ ਪਹਿਲਾਂ ਨਾਲੋਂ ਬੇਹਤਰ ਹਾਲਤ ਵਿਚ ਹਨ। ਹੇਠ ਲਿਖੀ ਰੂਪਰੇਖਾ ਆਸਾਨ ਹੈ:

I. ਪਿਛੋਕੜ: ਅਸਤਰ ਰਾਣੀ ਬਣਦੀ ਹੈ (ਅਧਿਆਇ 1; 2)
II. ਝਗੜਾ: ਹਾਮਾਨ ਯਹੂਦੀਆਂ ਨੂੰ ਖ਼ਤਮ ਕਰਨ ਦੀ ਸਾਜ਼ਸ਼ ਰਚਦਾ ਹੈ (ਅਧਿਆਇ 3)
III. ਹੱਲ: ਯਹੂਦੀਆਂ ਨੂੰ ਅਸਤਰ ਵੱਲੋਂ ਬਚਾਇਆ ਜਾਂਦਾ ਹੈ (ਅਧਿਆਇ 4—10)

ਮੈਂਗੇਨੋ ਨੇ ਕਿਤਾਬ ਲਈ ਇਕ ਹੋਰ ਰੂਪਰੇਖਾ ਦਾ ਸੁਝਾਅ ਦਿੱਤਾ। ਉਸ ਨੇ ਇਕ ਵਿਦਵਾਨ ਦਾ ਹਵਾਲਾ ਦਿੱਤਾ ਜਿਸ ਦਾ ਮੰਨਣਾ ਸੀ ਕਿ ਕਿਤਾਬ ਦੇ ਬੁਨਿਆਦੀ ਢਾਂਚੇ ਵਿਚ ਖ਼ੁਦਾ ਦੇ ਰੱਬੀ ਇੰਤਜ਼ਾਮ ਨਾਲ ਲਿਆਂਦੇ ਗਏ ਉਲਟਾਅ ਸ਼ਾਮਿਲ ਹਨ ਅਤੇ ਇਸ ਗੱਲ ਨੂੰ ਧਿਆਨ ਵਿਚ ਰੱਖਦਿਆਂ, ਇਸ ਦੀ ਤਰਤੀਬ ਹੇਠ ਲਿਖੇ ਅਨੁਸਾਰ ਕਿਆਜ਼ਮ[32] ਵਿਚ ਕੀਤੀ ਗਈ ਹੈ:

I. ਸ਼ੁਰੂਆਤ ਅਤੇ ਪਿਛੋਕੜ (ਅਧਿਆਇ 1)
  II. ਬਾਦਸ਼ਾਹ ਦਾ ਪਹਿਲਾ ਫ਼ਰਮਾਨ (ਅਧਿਆਇ 2; 3)
    III. ਹਾਮਾਨ ਅਤੇ ਮਾਰਦਕਈ ਵਿਚਕਾਰ ਝਗੜਾ (ਅਧਿਆਇ 4; 5)
      IV. ਉਸ ਰਾਤ ਬਾਦਸ਼ਾਹ ਨੂੰ ਨੀਂਦ ਨਹੀਂ ਆਈ (6:1)
    III'. ਹਾਮਾਨ ਉੱਤੇ ਮਾਰਦਕਈ ਦੀ ਜਿੱਤ (6:2—7:10)
  II'. ਬਾਦਸ਼ਾਹ ਦਾ ਦੂਜਾ ਫ਼ਰਮਾਨ (ਅਧਿਆਇ 8; 9)
I'. ਉਪਸੰਹਾਰ (ਅਧਿਆਇ 10)[33]

ਇਸ ਆਖ਼ਰੀ ਰੂਪਰੇਖਾ ਨੂੰ ਇਸ ਅਧਿਐਨ ਲਈ ਵਰਤਿਆ ਗਿਆ ਹੈ:

I. ਵਸ਼ਤੀ ਨੂੰ ਰਾਣੀ ਦੇ ਅਹੁਦੇ ਤੋਂ ਲਾਹਿਆ ਜਾਂਦਾ ਹੈ (1:1—22)
II. ਅਸਤਰ ਰਾਣੀ ਬਣਦੀ ਹੈ (2:1—18)
III. ਮਾਰਦਕਈ ਬਾਦਸ਼ਾਹ ਦੀ ਜਾਨ ਬਚਾਉਂਦਾ ਹੈ (2:19—23)
IV. ਹਾਮਾਨ ਦੇ ਕਾਰਣ ਯਹੂਦੀਆਂ ਦੇ ਖ਼ਾਤਮੇ ਦਾ ਖ਼ਤਰਾ (3:1—15)
V. ਅਸਤਰ ਹਾਮਾਨ ਦੀ ਸਾਜ਼ਸ਼ ਦਾ ਟਕਰਾ ਕਰਨ ਲਈ ਰਾਜ਼ੀ ਹੋ ਜਾਂਦੀ ਹੈ (4:1—5:4)
VI. ਹਾਮਾਨ ਉੱਤੇ ਇਲਜ਼ਾਮ ਲਾਇਆ ਜਾਂਦਾ ਹੈ ਅਤੇ ਸਜ਼ਾ ਦਿੱਤੀ ਜਾਂਦੀ ਹੈ (5:5—7:10)
VII. ਯਹੂਦੀ ਬਚ ਜਾਂਦੇ ਹਨ ਅਤੇ ਉਹ ਪੂਰੀਮ ਦਾ ਪਰਬ ਮਨਾਉਂਦੇ ਹਨ (8:1—10:3)

# ਪ੍ਰਾਸੰਗਿਕਤਾ

## ਸਾਡੇ ਸੰਸਾਰ ਵਿਚ ਖ਼ੁਦਾ ਦਾ ਕੰਮ

ਅਧਿਆਇ 2 ਦੇ ਅਖ਼ੀਰ ਤਕ ਅਸਤਰ ਦੀ ਕਹਾਣੀ ਤੋਂ ਘੱਟੋ–ਘੱਟ ਤਿੰਨ ਸਦੀਵੀ ਸਬਕ ਦਿੱਤੇ ਜਾ ਸਕਦੇ ਹਨ। ਇਹ ਸਬਕ ਖ਼ੁਦਾ ਦੀ ਯੋਜਨਾ, ਖ਼ੁਦਾ ਦੇ ਉਦੇਸ਼ਾਂ ਅਤੇ ਖ਼ੁਦਾ ਦੇ ਲੋਕਾਂ ਨਾਲ ਜੁੜੇ ਹੋਏ ਹਨ। (1) ਇਸ ਸੰਸਾਰ ਦੀਆਂ ਘਟਨਾਵਾਂ ਦੇ ਜਿਸਮਾਨੀ ਜਾਂ ਬੁਨਿਆਦੀ ਤੌਰ ਤੇ ਖ਼ੁਦਾ ਦੀਆਂ ਯੋਜਾਨਾਵਾਂ ਰੁਕਦੀਆਂ ਨਹੀਂ। (2) ਨੈਤਿਕ ਜਾਂ ਵਿਆਹ ਸਬੰਧੀ ਨਾਕਾਮੀਆਂ ਨਾਲ ਖ਼ੁਦਾ ਦੇ ਉਦੇਸ਼ਾਂ ਨੂੰ ਫ਼ਰਕ ਨਹੀਂ ਪੈਂਦਾ। (3) ਬੰਦਿਸ਼ ਜਾਂ ਬਿਪਤਾ ਦੇ ਕਾਰਣ ਖ਼ੁਦਾ ਦੇ ਲੋਕ ਉੱਚੀਆਂ ਥਾਂਵਾਂ ਤੋਂ ਛੇਕੇ ਨਹੀਂ ਜਾਂਦੇ।[34]

---

ਟਿੱਪਣੀਆਂ

[1]*ਹਾਰਪਰ'ਸ ਬਾਈਬਲ ਡਿਕਸ਼ਨਰੀ*, ਸੰਪਾ. ਪੌਲ ਜੇ. ਐਕਟੇਮੀਅਰ (ਸੈਨ ਫ਼੍ਰਾਂਸਿਸਕੋ: ਹਾਰਪਰ ਐਂਡ ਰੋਅ, 1985), 281–82 ਵਿਚ ਡਬਲਯੂ. ਲੀ ਹੰਫ਼੍ਰੇਅਸ, ''ਅਸਤਰ।'' ਟੀਕਾਕਾਰ ਲਿਖਦੇ ਹਨ ਕਿ ਯਹੂਦੀਆਂ ਵਿਚਕਾਰ ਇਸ ਕਿਤਾਬ ਨੂੰ ਹਮੇਸ਼ਾ ਵੱਡੀ ਪ੍ਰਸਿੱਧੀ ਮਿਲਦੀ ਰਹੀ ਹੈ। [2]ਮਾਰਟਿਨ ਲੂਥਰ, ''ਆਫ਼ ਗੌਡ'ਜ਼ ਵਰਡ,'' *ਟੇਬਲ ਟਾਕ*, ਅਨੁ. ਵਿਲੀਅਮ ਹਾਜ਼ਲਿਟ (ਪੰਨਾ ਰਹਿਤ: ਕ੍ਰਿਸਚਿਅਨ ਕਲਾਸਿਕਸ ਏਥਰਿਅਲ ਲਾਇਬ੍ਰੇਰੀ, ਮਿਤੀ ਰਹਿਤ), 27. [3]ਪੂਰੀਮ ਦਾ ਪਰਬ ''ਅਸਤਰ ਦੀ ਕਿਤਾਬ ਦੇ ਵਿਰਤਾਂਤ ਤੇ ਅਧਾਰਿਤ ਯਹੂਦੀ ਕਲੰਡਰ ਦੀ ਇਕ ਛੋਟੀ ਛੁੱਟੀ ਹੈ।... ਟਾਲਮੁਡ ਦੀ ਰੀਤ ਦੇ ਮੁਤਾਬਕ, ਪੂਰੀਮ ਵਾਲੇ ਦਿਨ ਸਿਨਾਗੋਗ ਭਾਵ ਯਹੂਦੀ ਸਮਾਜ ਮੰਦਰ ਵਿਚ ਮੇਗਿੱਲਾ (ਅਸਤਰ ਦੀ ਪੁਸਤਕ) ਨੂੰ ਪੜ੍ਹਿਆ ਜਾਂਦਾ ਹੈ, ਖੈਰਾਤ ਵੰਡੀ ਜਾਂਦੀ ਹੈ, ਭੋਜਨ ਵਸਤਾਂ ਦੇ ਤੋਹਫ਼ੇ ਇਕ ਦੂਜੇ ਨਾਲ ਵਟਾਏ ਜਾਂਦੇ ਹਨ ਅਤੇ ਤਿਉਹਾਰ ਦਾ ਭੋਜ ਖਾਧਾ ਜਾਂਦਾ ਹੈ'' (*ਹਾਰਪਰ'ਸ ਬਾਈਬਲ ਡਿਕਸ਼ਨਰੀ*, 843 ਵਿਚ ਲਾਰੰਸ ਐੱਚ. ਸ਼ਿਫ਼ਮੈਨ, ''ਪੂਰੀਮ, ਦ ਫ਼ੀਸਟ ਆਫ਼'')। [4]ਟਾਲਮੁਡ *ਬਾਬਾ ਬਥਰਾ* 15ਏ। [5]ਕਲੇਮੈਂਟ ਆਫ਼ ਅਲਗਜ਼ੈਂਡਰੀਆ *ਮਿਸੇਲੇਨੀਸ* 1.21. [6]ਆਰ. ਕੇ. ਹੈਰਿਸਨ, *ਇੰਟ੍ਰੋਡਕਸ਼ਨ ਟੂ ਦ ਓਲਡ ਟੈਸਟਾਮੈਂਟ* (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਜ਼ ਪਬਲੀਸ਼ਿੰਗ ਕੰ., 1969), 1087. [7]ਰੌਬਰਟ ਐੱਚ. ਫੀਫਰ, *ਇੰਟ੍ਰੋਡਕਸ਼ਨ ਟੂ ਦ ਓਲਡ ਟੈਸਟਾਮੈਂਟ* (ਨਿਊ ਯਾਰਕ: ਹਾਰਪਰ ਐਂਡ ਬ੍ਰਦਰਜ਼ ਪਬਲੀਸ਼ਰਜ਼, 1948), 742. [8]*ਦ ਇੰਟਰਨੈਸ਼ਨਲ ਬਾਈਬਲ ਕਮੈਂਟਰੀ*, ਸੋਧਿਆ ਅੰਕ, ਸੰਪਾ. ਐੱਫ. ਐੱਫ. ਬਰੂਸ (ਕਾਰਮਲ, ਨਿਊ ਯਾਰਕ: ਗਾਈਡਪੋਸਟਸ, 1986), 511 ਵਿਚ ਜੌਨ ਬੇਂਡਰ–ਸੈਮੁਏਲ, ''ਅਸਤਰ।'' [9]ਗਲੀਸਨ ਐੱਲ. ਆਰਚਰ, ਜੂਨੀ., *ਏ ਸਰਵੇ ਆਫ਼ ਓਲਡ ਟੈਸਟਾਮੈਂਟ ਇੰਟ੍ਰੋਡਕਸ਼ਨ*, ਸੋਧ ਅਤੇ ਵਿਸਤਾਰ (ਸ਼ਿਕਾਗੋ: ਮੂਡੀ ਪਬਲੀਸ਼ਰਜ਼, 2007), 395–96. [10]ਪਰਸੇਪੋਲਿਸ, ਐਕਬੇਟਾਨਾ ਅਤੇ ਬੇਬਿਲੋਨ ਉਸ ਸਮੇਂ ਦੀਆਂ ਦੂਜੀਆਂ ਰਾਜਧਾਨੀਆਂ ਸਨ।

[11]ਅਹਸ਼ਵੇਰੋਸ਼ ਫ਼ਾਰਸੀ ਰੁਤਬੇ ਕਸੱਯਰਸ਼ ਦਾ ਇਬਰਾਨੀ ਰੂਪਾਂਤਰ ਹੈ। ਇਸ ਬਾਦਸ਼ਾਹ ਨੂੰ ਜਿਸ ਦਾ ਜ਼ਿਕਰ ਅਸਤਰ 4:6 ਵਿਚ ਵੀ ਹੈ, ਯੂਨਾਨੀ ਲੋਕਾਂ ਵਿਚਕਾਰ ਅਹਸੁਏਰਸ ਕਰਕੇ ਜਾਣਿਆ ਜਾਂਦਾ ਹੈ। ਉਹਦੀ ਹਕੂਮਤ ਕੋਰਸ ਦੂਜੇ (539–530), ਕੈਂਬਿਸਸ ਦੂਜੇ (530–522) ਅਤੇ ਦਾਰਾ ਪਹਿਲੇ (522–486) ਦੀਆਂ ਹਕੂਮਤਾਂ ਤੋਂ ਬਾਅਦ ਹੋਈ। (*ਦ ਇੰਟਰਨੈਸ਼ਨਲ ਸਟੈਂਡਰਡ ਬਾਈਬਲ ਇੰਸਾਈਕਲੋਪੀਡੀਆ*, ਸੋਧਿਆ ਅੰਕ, ਸੰਪਾ. ਜੈਫ਼ਰੀ ਡਬਲਯੂ. ਬ੍ਰੋਮਿਲੇ [ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਜ਼ ਪਬਲੀਸ਼ਿੰਗ ਕੰ., 1979], 1:76 ਵਿਚ ਆਰ. ਕੇ ਹੈਰਿਸਨ, ''ਅਹਸੁਏਰਸ।'')[12]ਇਸ ਭੁੱਲ ਵਿਚ ਖ਼ੁਦਾ ਦਾ ਨਿੱਜੀ ਨਾਂਅ ''ਯਾਹਵੇਹ'' (***YHWH***, *ਯਹਵਹ*) ਜਾਂ ''ਪ੍ਰਭੂ'' ਦੇ ਨਾਲ ਨਾਲ ਆਮ ਨਾਂਅ ''ਪਰਮੇਸ਼ੁਰ'' (***'Elohim***, *ਏਲੋਹੀਮ*), ''ਪ੍ਰਭੂ'' (***'Adon***, *ਆਡੋਨ*) ਦਾ ਅਹੁਦਾ ਅਤੇ ਹੋਰ ਕੋਈ ਵੀ ਰੱਬੀ ਅਹੁਦਾ ਨਹੀਂ ਹੈ।

[13]ਚਾਰਲਸ ਆਰ. ਸਵਿੰਡਲ ਐਂਡ ਕੇਨ ਗਾਇਰ, *ਅਸਤਰ – ਏ ਵੂਮੈਨ ਫ਼ਾਰ ਸੱਚ ਏ ਟਾਈਮ ਐਜ਼ ਦਿਸ*, ਬਾਈਬਲ ਸਟੱਡੀ ਗਾਈਡ (ਫੁੱਲਰਟਨ, ਕੈਲਿਫੋਰਨੀਆ: ਇਨਸਾਈਟ ਫ਼ਾਰ ਲਿਵਿੰਗ, 1990), 1. [14]ਬਿਲ ਟੀ. ਅਰਨੌਲਡ ਐਂਡ ਬ੍ਰਾਇਨ ਈ. ਬੇਅਰ, *ਇਨਕਾਉਂਟਰਿੰਗ ਦ ਓਲਡ ਟੈਸਟਾਮੈਂਟ: ਏ ਕ੍ਰਿਸਚਿਅਨ ਸਰਵੇ* (ਗ੍ਰੈਂਡ ਰੈਪਿਡਸ, ਮਿਸ਼ਿਗਨ: ਬੇਕਰ ਬੁਕਸ, 1999), 272. [15]ਵੇਖੋ 9:27, ਜੋ ਯਹੂਦੀਆਂ ਦੇ ਨਾਲ ਨਾਲ ਉਨ੍ਹਾਂ ਦੀ ਗੱਲ ਕਰਦਾ ਹੈ ''ਜਿਹੜੇ ਉਨ੍ਹਾਂ ਦੇ ਨਾਲ ਮਿਲ ਗਏ।'' [16]ਲੈਸਲੀ ਸੀ. ਐੱਲ. ਐਂਡ ਤਿਮੋਥੀ ਐੱਸ. ਲੇਨਿਆਕ, *ਅਸਤਰ, ਨਹਮਯਾਹ, ਅਸਤਰ*, ਨਿਊ ਇੰਟਰਨੈਸ਼ਨਲ ਬਿਬਲੀਕਲ ਕਮੈਂਟਰੀ (ਪੀਬੌਡੀ, ਮੈਸਾਚੁਸੇਟਸ: ਹੈਂਡ੍ਰਿਕਸਨ ਪਬਲੀਸ਼ਰਜ਼, 2003), 174. [17]ਉੱਥੇ ਹੀ, 178. [18]ਉਦਾਹਰਣ ਲਈ ਵੇਖੋ ਸੀ. ਐੱਫ਼. ਕੇਲ, *ਦ ਬੁਕ ਆਫ਼ ਅਸਤਰ, ਨਹਮਯਾਹ ਐਂਡ ਅਸਤਰ*, ਅਨੁ. ਸੋਫ਼ੀਆ ਟੇਅਲਰ, ਬਿਬਲੀਕਲ ਕਮੈਂਟਰੀ ਆਨ ਦ ਓਲਡ ਟੈਸਟਾਮੈਂਟ (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਜ਼ ਪਬਲੀਸ਼ਿੰਗ ਕੰ., ਮਿਤੀ ਰਹਿਤ), 304–12. [19]ਲੂਈਸ ਬੇਲਸ ਪੈਟਨ ਨੇ ਇਹ ਸੰਭਾਵਨਾਵਾਂ ਲਿਖੀਆਂ ਜਿਨ੍ਹਾਂ ਕਰਕੇ ਉਹਨੂੰ ਸ਼ੱਕ ਹੋਇਆ ਕਿ ''ਭਲਾ ਕਿਸੇ ਇਤਹਾਸਕ ਸਾਰ ਵਿਚ ਵੀ ਇਸ ਦੇ ਵਿਰਤਾਂਤ ਦਾ ਅਧਾਰ ਹੈ'' ਅਤੇ ਇਹ ਨਿਚੋੜ ਕੱਢਿਆ ਕਿ ਅਸਤਰ ਦੀ ਕਿਤਾਬ ਕਿਸੇ ਪ੍ਰਾਚੀਨ ਬਾਦਸ਼ਾਹ ਦੇ ਦਰਬਾਰ ਵਿਚ ਬਣੀ ਇਕ ਦੰਦ ਕਥਾ ਹੈ। (ਲੂਈਸ ਬੇਲਸ ਪੈਟਨ, *ਦ ਬੁਕ ਆਫ਼ ਅਸਤਰ*, ਦ ਇੰਟਰਨੈਸ਼ਨਲ ਕ੍ਰਿਟਿਕਲ ਕਮੈਂਟਰੀ [ਨਿਊ ਯਾਰਕ: ਚਾਰਲਸ ਸਕ੍ਰਿਬਨਰ'ਜ਼ ਸੰਜ਼, 1908], 75.) ਲੇਨਿਆਕ ਨੇ ਕਿਹਾ, ''ਆਮ ਤੌਰ ਤੇ ਬੇਟਨ ਦੇ ਟੀਕਾ ਦੇ ਬਾਅਦ ਤੋਂ ਸਦੀ ਵਿਚ ਅਸਤਰ ਦੇ ਗਿਆਨ ਨੇ ... ਉਹਦੇ ਇਸ ਕਿਤਾਬ ਦੇ ਇਤਹਾਸਕ ਮਹੱਤਵ ਦੇ ਅੰਦਾਜੇ ਨੂੰ ਬਰਕਰਾਰ ਰੱਖਿਆ'' (ਐਲਨ ਐਂਡ ਲੇਨਿਆਕ, 178)। [20]ਹੈਰਿਸਨ, *ਇੰਟ੍ਰੋਡਕਸ਼ਨ*, 1098; ਏ. ਡਬਲਯੂ. ਸਟ੍ਰੀਨ, *ਦ ਬੁਕ ਆਫ਼ ਅਸਤਰ*, ਦ ਕੈਂਬ੍ਰਿਜ ਬਾਈਬਲ ਫ਼ਾਰ ਸਕੂਲਜ਼ ਐਂਡ ਕਾਲੇਜਜ਼ (ਕੈਂਬ੍ਰਿਜ: ਯੂਨੀਵਰਸਿਟੀ ਪ੍ਰੈੱਸ, 1907), xiv ਨੂੰ ਦੁਹਰਾਉਂਦਿਆਂ।

[21]*ਦ ਐਕਸਪੋਜ਼ਿਟਰ'ਜ਼ ਬਾਈਬਲ ਕਮੈਂਟਰੀ*, ਜਿਲਦ 4, *1 ਰਾਜਿਆਂ–ਅੱਯੂਬ*, ਸੰਪਾ. ਫ੍ਰੈਂਕ ਈ. ਗੇਬਲਾਇਨ (ਗ੍ਰੈਂਡ ਰੈਪਿਡਸ, ਮਿਸ਼ਿਗਨ: ਜ਼ੌਂਡਰਵਨ ਪਬਲੀਸ਼ਿੰਗ ਹਾਊਸ, 1988) 778 ਵਿਚ ਐੱਫ਼. ਬੀ. ਹੁਏ, ਜੂਨੀਅਰ, ''ਅਸਤਰ।'' [22]ਹੇਰੋਦੋਤਸ *ਹਿਸਟਰੀਜ਼* 7.61, 114. [23]ਉੱਥੇ ਹੀ, 7.114; 9.112. [24]ਜੇ. ਸਟੈਫ਼ੋਰਡ ਰਾਈਟ ਨੇ ਕਿਹਾ ਹੈ ਕਿ ''ਵਸ਼ਤੀ'' ਉਸ ਦੇ ਫ਼ਾਰਸੀ ਨਾਂਅ ਦਾ ਇਬਰਾਨੀ ਰੂਪ ਅਤੇ ''ਅਮੇਸਟ੍ਰਿਸ'' ਉਸ ਦੇ ਨਾਂਅ ਦਾ ਯੂਨਾਨੀ ਰੂਪ ਸੀ। (*ਨਿਊ ਪਰਸਪੈਕਟਿਵਜ਼ ਆਨ ਦ ਓਲਡ ਟੈਸਟਾਮੈਂਟ*, ਸੰਪਾ. ਜੇ. ਬਾਰਟਨ ਪੇਨ [ਵਾਕੋ, ਟੈਕਸਸ: ਵਰਡ ਬੁਕਸ, 1970], 40–43 ਵਿਚ ਜੇ. ਸਟੈਫੋਰਡ ਰਾਈਟ, ''ਦ ਹਿਸਟਰੀਸਿਟੀ ਆਫ਼ ਬੁਕ ਆਫ਼ ਅਸਤਰ।'') ਬੇਂਡਰ–ਸੈਮੂਏਲ, 509 ਵਿਚ ਇਤਹਾਸਕ ਨਾਟਕੀ ਰੂਪਾਂਤਰ ਵੇਖੋ। [25]ਹੋਰ ਪ੍ਰਤੱਖ ਇਤਹਾਸਕ ਫ਼ਰਕਾਂ ਨਾਲ ਵੀ ਵਿਆਖਿਆ ਕਰ ਸਕਦੇ ਹਨ ਅਤੇ ਜਿਵੇਂ ਜਿਵੇਂ ਪਾਠ ਵਿਚ ਉਹ ਆਉਣਗੇ ਉਨ੍ਹਾਂ ਉੱਤੇ ਵਿਚਾਰ ਕੀਤਾ ਜਾਵੇਗਾ। ਇਨ੍ਹਾਂ ਵਿੱਚੋਂ ਕਈ ਕਥਿਤ ਇਤਹਾਸਕ ਖਾਮੀਆਂ ਦੀ ਚਰਚਾ ਹੁਏ, 788–93; ਐਂਡ ਆਰਚਰ, 396–98 ਵਿਚ ਕੀਤੀ ਗਈ ਹੈ। [26]ਰੁਬਨ ਰੈਜ਼ਲੈਫ਼ ਐਂਡ ਪੌਲ ਟੀ. ਬਟਲਰ, *ਅਸਤਰ, ਨਹਮਯਾਹ ਐਂਡ ਅਸਤਰ*, ਬਾਈਬਲ ਸਟੱਡੀ ਟੈਕਸਟਬੁਕ ਸੀਰੀਜ਼ (ਜੋਪਲਿਨ, ਮਿਜ਼ੋਰੀ: ਕਾਲਜ ਪ੍ਰੈੱਸ, 1979), 261–62. [27]ਹੁਏ, 783. [28]ਅਸਤਰ ਦੇ ਵਧਾਵਾਂ ਵਿਚ ''ਪ੍ਰਭੂ'' ਜਾਂ ''ਪਰਮੇਸ਼ੁਰ'' ਸ਼ਬਦ ਪੰਜਾਹ ਤੋਂ ਵੱਧ ਵਾਰ ਮਿਲਦੇ ਹਨ (ਬਰੂਸ ਐੱਮ. ਮੈਜ਼ਗਰ ਐਂਡ ਰੋਨਲਡ ਈ. ਮਰਫੀ, ਐਡ., *ਦ ਨਿਊ ਆਕਸਫ਼ੋਰਡ ਐਨੋਟੇਟਡ ਬਾਈਬਲ ਵਿਦ ਦ ਅਪੋਕ੍ਰਿਫ਼ਾ*, ਸੋਧ ਅਤੇ ਵਿਸਤਾਰ [ਨਿਊ ਯਾਰਕ: ਆਕਸਫ਼ੋਰਡ ਯੂਨੀਵਰਸਿਟੀ ਪ੍ਰੈੱਸ, 1991], 41AP)। [29]ਧਾਰਮਿਕ ਰੀਤਾਂ ਦੀ ਗੈਰ ਮੌਜੂਦਗੀ ਪੂਰੀ ਨਹੀਂ ਹੈ, ਕਿਉਂ ਜੋ ਕਿਤਾਬ ਵਿਚ ਰੋਜ਼ਾ (ਰੱਖੇ ਜਾਣ) (4:16) ਦੀ ਅਰਥਾਤ ਇਕ ਅਜਿਹੀ ਧਾਰਮਿਕ ਰੀਤੀ ਦੀ ਗੱਲ ਕਰਦੀ ਹੈ ਜਿਹੜੀ ਦੁਆ ਦੇ ਨਾਲ ਜੁੜੀ ਹੋਈ ਸੀ। [30]ਮਾਰਕ ਮੈਂਗੇਨੋ, *ਅਸਤਰ ਐਂਡ ਦਾਨੀਏਲ*, ਦ ਕਾਲਜ ਪ੍ਰੈੱਸ NIV ਕਮੈਂਟਰੀ (ਜੋਪਲਿਨ, ਮਿਜ਼ੋਰੀ: ਕਾਲਜ ਪ੍ਰੈੱਸ ਪਬਲੀਸ਼ਿੰਗ ਕੰ., 2001), 20.

[31]ਮਾਈਕਲ ਵੀ. ਫ਼ੌਕਸ, *ਕਰੈਕਟਰ ਐਂਡ ਆਇਡਿਓਲੋਜੀ ਇਨ ਦ ਬੁਕ ਆਫ਼ ਅਸਤਰ*, ਜਿਲਦ

2ਜੀ (ਗ੍ਰੈਂਡ ਰੈਪਿਡਸ, ਮਿਸ਼ਿਗਨਃ ਵਿਲੀਅਮ ਬੀ. ਈਰਡਮੈਂਜ਼ ਪਬਲੀਸ਼ਿੰਗ ਕੰ., 2001), 255–56. [32]''ਕਿਆਸਟਿਕ'' ਕਿਸੇ ਵਾਕ ਵਿਚ ਤਰਤੀਬ ਵਿਚ ਰੱਖੀਆਂ ਗੱਲਾਂ ਵਾਲੇ ਢਾਂਚੇ ਦੀ ਤਰਤੀਬ ਜਾਂ ਉਲਟੇ ਕੀਤੇ ਸਮਰੂਪਤਾ ਦੇ ਨਮੂਨੇ ਵਿਚ ਤਰਤੀਬ ਦਿੱਤਾ ਜਿਲਦ ਹੈ। ਇਸ ਨੂੰ ਯੂਨਾਨੀ ਅੱਖਰ (***chi***, *ਖੀ*) ਦਾ ਨਾਂਅ ਦਿੱਤਾ ਗਿਆ ਹੈ। [33]ਯੇਹੂਦਾ ਟੀ. ਰੈਡੇਅ, ''ਕਿਆਜ਼ਮ ਇਨ ਜੋਸ਼ੁਆ, ਜੱਜਜ਼ ਐਂਡ ਅਦਰਜ਼,'' *ਲੈਂਗੁਇਸਟਿਕਾ ਬਿਬਲਿਕਾ* 27–28 (ਸਤੰਬਰ 1973), 9–10; ਮੈਂਗੇਨੋ ਵੱਲੋਂ ਦੁਹਰਾਇਆ ਗਿਆ, 28. [34]ਚਾਰਲਸ ਆਰ. ਸਵਿੰਡਲ, *ਅਸਤਰ: ਏ ਵੂਮੈਨ ਆਫ਼ ਸਟ੍ਰੈਂਥ ਐਂਡ ਡਿਗਨਿਟੀ* (ਨੈਸ਼ਵਿਲਃ ਥੌਮਸ ਨੈਲਸਨ, 1997), 37–38.